ਅਖੰਡ ਗਿਆਨ

ਪੰਜਾਬੀ / ਅੰਗ੍ਰੇਜ਼ੀ ਮਾਸਿਕ

ਸਫ਼ਹਾ 17 ◆ ਅੰਕ 189 ◆ ਜੂਨ 2020 ◆ ਮੁੱਲ 15 ਰੁਪਏ

ਯੋਗ ਭਜਾਵੇ ਰੋਗ

djjsworld
www.djjs.org

MAGZTER

Clipped from - Akhand Gyan - Punjabi - June 2020
Read it digitally on the Magzter app

ਪੈਰ ਮੰਜ਼ਿਲ 'ਤੇ ਲਾਉਣਗੇ

ਪੱਤਝੜ ਆਈ ਜੇ, ਦਿਨ ਬਹਾਰਾਂ ਦੇ ਵੀ ਆਉਣਗੇ,
ਰਾਹ ਵਿੱਚੋਂ ਮੁੜੀਂ ਨਾ, ਪੈਰ ਮੰਜ਼ਿਲ 'ਤੇ ਲਾਉਣਗੇ।

ਧੀਰਜ ਦਾ ਸੰਗ ਕਰੀਂ, ਬੇਸ਼ੁਮਾਰ ਕਰੀਂ ਹੌਸਲਾ,
ਉਹ ਪਾਰ ਲੰਘਾਉਗਾ, ਜਿਹਨੂੰ ਹੱਥ ਦਿੱਤਾ ਤੂੰ ਫੜ੍ਹਾ,
ਮਜਬੂਤ ਤੇਰੇ ਹੀ ਇਰਾਦੇ, ਤੇਰੇ ਹੌਸਲੇ ਵਧਾਉਣਗੇ,
ਰਾਹ ਵਿੱਚੋਂ ਮੁੜੀਂ ਨਾ, ਪੈਰ ਮੰਜ਼ਿਲ 'ਤੇ ਲਾਉਣਗੇ।

ਲੋਕਾਂ ਦੇ ਹਾਸਿਆਂ ਨੂੰ, ਨਾ ਦਿਲ ਨਾਲ ਲਾਉਣਾ ਏ,
ਜਿਹੜੇ ਹੱਸਦੇ ਨੇ ਉਹਨਾਂ, ਆਪ ਭੱਜੇ ਆਉਣਾ ਏ,
ਸ਼ਾਹ ਕਾਲੀ ਰਾਤ ਤੋਂ, ਬਾਅਦ ਸਵੇਰੇ ਆਉਣਗੇ,
ਰਾਹ ਵਿੱਚੋਂ ਮੁੜੀਂ ਨਾ, ਪੈਰ ਮੰਜ਼ਿਲ 'ਤੇ ਲਾਉਣਗੇ।

ਪਰਖਿਆ ਹੈ ਸਮੇਂ ਨੇ, ਇਤਿਹਾਸ ਦੀ ਗਵਾਹੀ ਏ,
ਜਿਹਨੇ ਤੈਨੂੰ ਹੈ ਚੁਣਿਆ, ਉਹ ਨੂਰ ਇਲਾਹੀ ਏ,
ਜੋ ਪਿੱਛੇ ਹਟੇ ਨਾ, ਪਿਆਰੇ ਆਸ਼ੂ ਦੇ ਕਹਾਉਣਗੇ,
ਰਾਹ ਵਿੱਚੋਂ ਮੁੜੀਂ ਨਾ, ਪੈਰ ਮੰਜ਼ਿਲ 'ਤੇ ਲਾਉਣਗੇ।



MAGZTER

Clipped from - Akhand Gyan - Punjabi - June 2020
Read it digitally on the Magzter app

ਤਤਕਰਾ

04
ਸੰਪਾਦਕੀ
ਅੱਜ ਸਮਾਂ ਹੈ ਪ੍ਰੇਰਣਾਵਾਂ ਨੂੰ ਜੀਣ ਦਾ !

05
ਦਿਵਯ ਸੰਬੋਧਨ
ਪ੍ਰਕਿਰਤੀ ਦਾ ਤਾਂਡਵ

11
ਵਰਤਮਾਨ ਵਾਰਤਾ
ਕੁਆਰੰਟੀਨ ਹੈ ਵੈਦਿਕ ਵਿਗਿਆਨਕ ਸੰਸਕਾਰ (ਭਾਗ- 2)

17
ਆਲੇਖ
ਦਿਸ਼ਾ ਨਿਰਦੇਸ਼ਨ

21 ਸਾਧਕ ਸੰਜੀਵਨੀ
ਕਦੇ ਸੁਣਦਾ ਹੈ ਅਤੇ ਕਦੇ ਨਹੀਂ ਸੁਣਦਾ

24 ਸਿਹਤ ਸੰਭਾਲ
ਯੋਗ ਭਜਾਵੇ ਰੋਗ

28 ਪ੍ਰਸ਼ਨ ਉੱਤਰ
ਪ੍ਰਾਰਥਨਾ ਦਾ ਵਿਗਿਆਨ

Spiritual Vibes
Disciple=Discipline



32

ਬੋਧ ਕਥਾ
ਪਿਆਰ ਜਾਂ ਉਪਚਾਰ



35

ਸਤਿਸੰਗ ਪ੍ਰਵਾਹ
ਸ਼ੈਤਾਨ ਦੀ ਧੀ

39

ਗੁਰੂ ਭਗਤੀ
ਯੁੱਧ



42

ਜੇਕਰ ਤੁਹਾਨੂੰ ਇਸ ਪੌਡ੍ਰਕਾ ਦੀ ਪ੍ਰਾਪਤੀ ਵਿੱਚ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਿਲ ਆ ਰਹੀ ਹੈ ਤਾਂ ਕਿਰਪਾ ਕਰਕੇ ਆਪਣਾ ਰਸੀਦ ਨੰਬਰ ਨੋਟ ਕਰਕੇ ਦਿੱਤੇ ਹੋਏ ਨੰਬਰਾਂ 'ਤੇ ਸੰਪਰਕ ਕਰੋ।

84277 93000, 99157 04433 akhandgyan.pb@dijs.org

MAGZTER

MAGZTER

Clipped from - Akhand Gyan - Punjabi - June 2020
Read it digitally on the Magzter app

ਅਖੰਡ ਗਿਆਨ

ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਦੀ ਪ੍ਰਮੁੱਖ ਪੱਤ੍ਰਿਕਾ

ਸਾਲ 17 • ਅੰਕ 189 • ਜੂਨ 2020 • ਮੁੱਲ 15 ਰੁਪਏ

ਪ੍ਰਕਾਸ਼ਕ ਦਾ ਨਾਮ ਅਤੇ ਪਤਾ:
ਦਿਵਯ ਜਯੋਤੀ ਫਾਊਂਡੇਸ਼ਨ
ਨਕੋਦਰ ਰੋਡ, ਨੂਰਮਹਿਲ
ਜਿਲ੍ਹਾ ਜਲੰਧਰ- 144 039

ਛਾਪਕ ਅਤੇ ਸੰਪਾਦਕ:
ਸ੍ਰੀ ਨਰਿੰਦਰਾਨੰਦ ਜੀ

ਸਹਿ-ਸੰਪਾਦਕ:
ਡਾ. ਵੀ. ਡੀ. ਗੁਪਤਾ

ਮਾਰਕੀਟਿੰਗ:
ਦਿਵਯ ਜਯੋਤੀ ਫਾਊਂਡੇਸ਼ਨ

ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਦੇ ਲਈ ਪ੍ਰਕਾਸ਼ਕ ਅਤੇ ਛਾਪਕ ਸ੍ਰੀ ਨਰਿੰਦਰਾਨੰਦ ਜੀ ਦੁਆਰਾ ਸ੍ਰੀ ਕ੍ਰਿਸ਼ਨਾ ਵਿਜ਼ਨ ਐਂਡ ਪ੍ਰਿੰਟ ਪਲਾਟ ਨੰ. 9, ਇੰਡਸਟ੍ਰੀਅਲ ਅਸਟੇਟ, ਬੈਕ ਸਾਈਡ ਚਾਰਮੰਡੀ, ਲੰਬਾ ਪਿੰਡ ਚੌਕ, ਜਲੰਧਰ ਤੋਂ ਛਪਿਆ ਅਤੇ ਦਿਵਯ ਜਯੋਤੀ ਜਾਗ੍ਰਤੀ ਸੰਸਥਾਨ, ਨਕੋਦਰ ਰੋਡ, ਨੂਰਮਹਿਲ, ਜਿਲ੍ਹਾ ਜਲੰਧਰ- 144 039 ਦੁਆਰਾ ਪ੍ਰਕਾਸ਼ਿਤ। • **ਸੰਪਾਦਕ:** ਸ੍ਰੀ ਨਰਿੰਦਰਾਨੰਦ ਜੀ।

ਲੇਖਾਂ ਵਿੱਚ ਦਿੱਤੇ ਗਏ ਵਿਚਾਰ ਲੇਖਕ ਦੇ ਆਪਣੇ ਵਿਚਾਰ ਹਨ। ਇਹ ਜ਼ਰੂਰੀ ਨਹੀਂ ਕਿ ਸੰਪਾਦਕ ਮੰਡਲ ਇਹਨਾਂ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।

Owner: Divya Jyoti Jagrati Sansthan; • Publisher: Narendranand Ji, Divya Jyoti Jagrati Sansthan, Nakodar Road, Nurmahal, Teh. Phillaur, Distt. Jalandhar, Punjab 144 039 India; • Editor & Printer: Narendranand Ji; • Co-Editor: Dr. V. D. Gupta; • Printed at: Shri Krishna Vision & Print Plot No. 9, Industrial Estate, Back Side Charamandi, Lamba Pind Chowk, Jalandhar. • Marketing by: Divya Jyoti Foundation. The thoughts expressed in the articles belong solely to the writer, the editorial board may not be fully in agreement with them.

Owner: Divya Jyoti Jagrati Sansthan; • Editor & Printer: Narendranand Ji; • Published by: Narendranand Ji, Divya Jyoti Jagrati Sansthan, Nakodar Road, Nurmahal, Teh. Phillaur, Distt. Jalandhar, Punjab 144 039 India; • Printed at: Shri Krishna Vision & Print Plot no. 9, Industrial Estate, Back Side Charamandi, Lamba Pind Chowk, Jalandhar.

ਸੰਪਾਦਕੀ

ਅੱਜ ਸਮਾਂ ਹੈ ਪ੍ਰੇਰਣਾਵਾਂ ਨੂੰ ਜੀਣ ਦਾ !

'ਅਖੰਡ ਗਿਆਨ (ਪੱਤ੍ਰਿਕਾ) ਦੀ ਸੇਵਾ ਮਹਾਨ ਅਤੇ ਉੱਤਮ ਸੇਵਾਵਾਂ ਵਿੱਚੋਂ ਇੱਕ ਹੈ। ਆਉਣ ਵਾਲੇ ਸਮੇਂ ਵਿੱਚ ਇਹੀ ਸੇਵਾ ਅਨੇਕ ਸੇਵਾਵਾਂ ਦਾ ਅਧਾਰ ਬਣੇਗੀ। ਇਹੀ 'ਅਖੰਡ ਗਿਆਨ' ਪੱਤ੍ਰਿਕਾ ਅਣਗਿਣਤ ਜੀਵਨ-ਫੁੱਲਾਂ ਨੂੰ ਸਿੰਜੇਗੀ ਅਤੇ ਖਿੜਾਵੇਗੀ...'

'ਅਖੰਡ ਗਿਆਨ ਦਾ ਇੱਕ-ਇੱਕ ਪੰਨਾ ਮਨੁੱਖੀ-ਮਨ ਦੀ ਔਸ਼ਧੀ ਹੈ। ਸਮਾਜ ਦੇ ਹਰ ਵਰਗ ਦੇ ਮਾਨਸਿਕ ਰੋਗਾਂ ਦੀ ਦਵਾਈ ਹੈ। ਇਸ ਲਈ ਇਸਦੀ ਵੰਡ ਜਨ-ਜਨ ਦੇ ਮਨ-ਮਨ ਤੱਕ ਹੋਣੀ ਚਾਹੀਦੀ ਹੈ।'

'....ਦੇਖੋ ਜਦੋਂ ਲਕਸ਼ ਵੱਡਾ ਹੁੰਦਾ ਹੈ, ਤਾਂ ਉਨਾ ਵੱਡਾ ਹੀ ਉਤਸਾਹ ਲੈ ਕੇ ਚੱਲਣਾ ਪੈਂਦਾ ਹੈ। ਨਦੀ ਦਾ ਲਕਸ਼ ਸਾਗਰ ਹੈ, ਇਸ ਲਈ ਉਸਦਾ ਉਤਸਾਹ ਵੀ ਧਾਰਾ ਪ੍ਰਵਾਹ ਵਹਿੰਦਾ ਹੈ ਅਤੇ ਸਮੁੰਦਰ ਦੇ ਸਮਾਨ ਵਿਸ਼ਾਲ ਹੁੰਦਾ ਹੈ।....ਅਖੰਡ ਗਿਆਨ ਪੱਤ੍ਰਿਕਾ ਵੀ ਇੱਕ ਵਿਸ਼ਾਲ ਲਕਸ਼ ਹੈ। ਇਸ ਲਈ ਇਸਦੇ ਪ੍ਰਕਾਸ਼ਨ ਦੀ ਸੇਵਾ ਉਤਸਾਹ ਨਾਲ ਭਰਪੂਰ ਹੋ ਕੇ ਕਰਨੀ ਹੈ। ਤੁਹਾਡਾ ਇਹੀ ਉਤਸਾਹ ਅਣਗਿਣਤ ਰੁਕੇ ਅਤੇ ਥੱਕੇ ਜੀਵਨਾਂ ਵਿੱਚ ਉਤਸਾਹ ਦਾ ਬਾਲਣ ਭਰੇਗਾ।'

ਇਹ ਕੁਝ ਪ੍ਰੇਰਣਾ ਰਤਨ ਹਨ, ਜੋ ਖੁਦ ਗੁਰੂਦੇਵ **'ਸ੍ਰੀ ਆਸ਼ੂਤੋਸ਼ ਮਹਾਰਾਜ ਜੀ'** ਦੇ ਸ੍ਰੀ ਮੁੱਖ 'ਚੋਂ ਸਮੇਂ-ਸਮੇਂ 'ਤੇ ਸਾਨੂੰ ਪ੍ਰਾਪਤ ਹੋਏ। ਇਹੀ ਰਤਨ ਮਹੀਨੇਵਾਰ, ਸਾਲ ਦਰ ਸਾਲ ਅਖੰਡ ਗਿਆਨ ਪੱਤ੍ਰਿਕਾ ਦੇ ਇੱਕ-ਇੱਕ ਪੰਨੇ ਨੂੰ, ਇੱਕ-ਇੱਕ ਸਿਰਲੇਖ ਨੂੰ ਮਜਬੂਤ ਕਰਦੇ ਰਹੇ ਹਨ ਅਤੇ ਭਵਿੱਖ ਵਿੱਚ ਵੀ ਕਰਦੇ ਰਹਿਣਗੇ। ਹਰੇਕ ਲੇਖ ਦਾ ਢਾਂਚਾ ਖੜ੍ਹਾ ਕਰਦੇ ਹੋਏ, ਉਸ ਨਾਲ ਸੰਬੰਧਿਤ ਸਮੱਗਰੀ ਇਕੱਠੀ ਕਰਦੇ ਹੋਏ, ਵਿਚਾਰਾਂ ਅਤੇ ਆਦਰਸ਼ਾਂ ਦੀ ਉੱਚਿਤ ਵਿਆਖਿਆ ਜਾਂ ਲੇਖਣੀ ਕਰਦੇ ਹੋਏ- ਹਰ ਪੜਾਅ 'ਤੇ ਮਹਾਂਯੋਗੀ, ਦਿਵਯ ਗੁਰੂਦੇਵ ਦੀ ਸੂਖਮ ਚੇਤਨਾ ਸਾਡਾ ਮਾਰਗ ਦਰਸ਼ਨ ਕਰਦੀ ਹੈ।

ਵਰਤਮਾਨ ਸਮੇਂ ਵਿੱਚ, ਕੋਰੋਨਾ ਮਹਾਂਮਾਰੀ ਦੇ ਇਸ ਭਿਆਨਕ ਦੌਰ ਵਿੱਚ, ਇਸ ਅਲੌਕਿਕ ਚੇਤਨਾ ਦੀਆਂ ਤੇਜ ਪ੍ਰੇਰਣਾਵਾਂ ਦੀ ਸਾਨੂੰ ਸਭ ਤੋਂ ਜਿਆਦਾ ਜਰੂਰਤ ਹੈ। ਇਹੀ ਭਾਵਨਾ ਰੱਖਦੇ ਹੋਏ ਅਸੀਂ ਨਿਰਣਾ ਕੀਤਾ ਹੈ ਕਿ ਜਦੋਂ ਤੱਕ ਇਸ ਮਹਾਂਮਾਰੀ ਦਾ ਸੰਘਰਸ਼ਪੂਰਨ ਦੌਰ ਚੱਲੇਗਾ, ਤਦ ਤੱਕ ਅਸੀਂ ਆਪ ਜੀ ਲਈ ਅਖੰਡ ਗਿਆਨ ਦੇ ਵਿਸ਼ਾਲ ਬਗੀਚੇ (ਪਹਿਲਾਂ ਤੋਂ ਪ੍ਰਕਾਸ਼ਿਤ ਅੰਕਾਂ) ਵਿੱਚੋਂ ਪ੍ਰਸੰਗਿਕ ਅਤੇ ਮਜਬੂਤ ਪ੍ਰੇਰਣਾਵਾਂ ਦੇ ਫੁੱਲ ਚੁਣ-ਚੁਣ ਕੇ ਫਿਰ ਤੋਂ ਪੇਸ਼ ਕਰਦੇ ਰਹਾਂਗੇ। ਵਿਸ਼ੇਸ਼ ਕਰਕੇ ਸੰਨ 2014 ਤੋਂ ਪਹਿਲਾਂ ਪ੍ਰਕਾਸ਼ਿਤ ਲੇਖ, ਜਿੰਨ੍ਹਾਂ ਨੂੰ ਖੁਦ **'ਸ੍ਰੀ ਆਸ਼ੂਤੋਸ਼ ਮਹਾਰਾਜ ਜੀ'** ਦੇ ਪ੍ਰਤੱਖ ਚਿੰਤਨ ਅਤੇ ਚੇਤਨਾ ਨੇ ਅਕਾਰ ਦਿੱਤਾ, ਜਿੰਨ੍ਹਾਂ ਵਿੱਚੋਂ ਕੁਝ ਲੇਖ ਉਹਨਾਂ ਨੇ ਆਪਣੇ ਮੁੱਖੋਂ ਬੋਲ ਕੇ ਲਿਖਵਾਏ ਸਨ- ਉਹਨਾਂ ਨੂੰ ਅਸੀਂ ਆਪਣੇ ਨਵੇਂ ਪਾਠਕਾਂ ਦੇ ਲਈ ਮੁੜ ਤੋਂ ਪ੍ਰਕਾਸ਼ਿਤ ਕਰਾਂਗੇ। ਸਾਡੇ ਪੁਰਾਣੇ ਪਾਠਕ, ਜੋ ਇਹਨਾਂ ਲੇਖਾਂ ਨੂੰ ਇੱਕ ਵਾਰ ਪੜ੍ਹ ਚੁੱਕੇ ਹਨ, ਉਹਨਾਂ ਲਈ ਵੀ ਮੁੜ ਤੋਂ ਇਹਨਾਂ 'ਤੇ ਮਨਨ ਕਰਨਾ ਅਜੋਕੇ ਸਮੇਂ ਦੇ ਅਨੁਸਾਰ ਉੱਚਿਤ ਰਹੇਗਾ। ਇਹਨਾਂ ਚੁਣੇ ਹੋਏ ਲੇਖਾਂ ਨੂੰ ਪੜ੍ਹ ਕੇ ਆਪ ਮਹਿਸੂਸ ਕਰੋਗੇ ਜਿਵੇਂ ਕਿ ਇਸੇ ਸਮੇਂ ਦੇ ਲਈ ਹੀ ਇਹਨਾਂ ਪ੍ਰੇਰਣਾਵਾਂ ਨੂੰ ਪਹਿਲਾਂ ਤੋਂ ਹੀ ਪਿਰੋਇਆ ਗਿਆ ਸੀ। ਪਰ ਪਹਿਲਾਂ ਇਹਨਾਂ ਲੇਖਾਂ ਵਿੱਚ ਪ੍ਰਕਾਸ਼ਿਤ ਪ੍ਰੇਰਣਾਵਾਂ ਨੂੰ ਆਪ ਨੇ ਕੇਵਲ ਪੜ੍ਹਿਆ ਸੀ, ਅੱਜ ਸਮਾਂ ਹੈ ਉਹਨਾਂ ਨੂੰ ਜੀਣ ਦਾ। ਜੇਕਰ ਆਪਾਂ ਉਹਨਾਂ ਨੂੰ ਜੀਅ ਲਵਾਂਗੇ ਤਾਂ ਯਕੀਨਨ ਹੀ ਇਸ ਭਿਆਨਕ ਸਮੇਂ ਵਿੱਚ ਜੇਤੂ ਬਣ ਕੇ ਨਿਕਲਾਂਗੇ। ਸਾਰੇ ਪਾਠਕਾਂ ਨੂੰ ਗੁਰੂਦੇਵ **'ਸ੍ਰੀ ਆਸ਼ੂਤੋਸ਼ ਮਹਾਰਾਜ ਜੀ'** ਦੀਆਂ ਅਲੌਕਿਕ ਪ੍ਰੇਰਣਾਵਾਂ ਦਾ ਆਸ਼ੀਰਵਾਦ ਪ੍ਰਾਪਤ ਹੋਵੇ!

MAGZTER

MAGZTER

Clipped from - Akhand Gyan - Punjabi - June 2020
Read it digitally on the Magzter app

ਪ੍ਰਕਿਰਤੀ ਦਾ ਤਾਂਡਵ

ਜਦੋਂ ਤੱਕ ਸਾਡੀ ਅੰਦਰੂਨੀ ਚੇਤਨਾ ਦਾ ਜਾਗਰਣ ਨਹੀਂ ਹੋਵੇਗਾ, ਉਦੋਂ ਤੱਕ ਸਾਡੇ ਵਿਚਾਰਾਂ ਅਤੇ ਆਚਰਣ ਵਿੱਚ ਸਥਾਈ ਬਦਲਾਅ ਨਹੀਂ ਆ ਸਕੇਗਾ। ਇਸ ਲਈ ਵਾਤਾਵਰਣ ਰੱਖਿਆ ਦਾ ਅਚੂਕ ਸੂਤਰ ਹੈ- ਆਤਮ ਜਾਗ੍ਰਤੀ।

ਉਸ ਸਮੇਂ ਨੂੰ ਭਾਰਤ ਦੇਸ਼ ਦਾ ਸੁਨਹਿਰੀ ਕਾਲ ਕਿਹਾ ਜਾ ਸਕਦਾ ਹੈ। ਜਦੋਂ ਇਸ ਧਰਤੀ ਉੱਪਰ ਚਾਰੇ ਪਾਸੇ ਸ਼ਾਂਤੀ ਦਾ ਹੀ ਪਸਾਰਾ ਸੀ। ਕੁਦਰਤ ਨਾਲ ਇਨਸਾਨ ਦਾ ਰਵੱਈਆ ਮਿੱਤਰਤਾਪੂਰਨ ਸੀ। ਕੁਦਰਤ ਦੀ ਰੱਖਿਆ ਅਤੇ ਸਨਮਾਨ ਨੂੰ ਪਹਿਲ ਦਿੱਤੀ ਜਾਂਦੀ ਸੀ। ਸਾਡੇ ਮਹਾਨ ਵਿਗਿਆਨਿਕ ਰਿਸ਼ੀ ਇਸ ਤੱਥ ਤੋਂ ਜਾਣੂੰ ਸਨ ਕਿ ਕੁਦਰਤ ਨਾਲ ਸਮਤੋਲ ਰੱਖ ਕੇ ਹੀ ਇਸ ਦੀਆਂ ਨਿਆਮਤਾਂ ਨੂੰ ਅਖੰਡ ਰੂਪ ਵਿੱਚ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਲਈ ਰਿਸ਼ੀਆਂ ਨੇ ਆਪਣੀ ਪ੍ਰਾਰਥਨਾ ਅੰਦਰ ਵਾਤਾਵਰਣ ਨਾਲ ਸੰਬੰਧਿਤ ਹਰੇਕ ਵਸਤੂ ਦਾ ਭਲਾ ਮੰਗਦੇ ਹੋਏ ਇਹੀ ਅਰਜੋਈ ਕੀਤੀ-

MAGZTER

Clipped from - Akhand Gyan - Punjabi - June 2020
Read it digitally on the Magzter app

ॐ द्यौः शान्तिरन्तरिक्षꣳ शान्तिः पृथिवी शान्तिरापः
शान्तिरोषधयः शान्तिर्वनस्पतयः शान्तिः विश्वेदेवाः...।

ਭਾਵ ਅਕਾਸ਼ ਸ਼ਾਂਤ ਹੋਵੇ, ਪੁਲਾੜ ਸ਼ਾਂਤ ਹੋਵੇ, ਪ੍ਰਿਥਵੀ ਸ਼ਾਂਤ ਹੋਵੇ, ਔਸ਼ਧੀਆਂ ਅਤੇ ਬਨਸਪਤੀਆਂ ਸ਼ਾਂਤ ਹੋਣ। ਸੰਪੂਰਨ ਵਿਸ਼ਵ ਦੀਆਂ ਕੁਦਰਤੀ ਸ਼ਕਤੀਆਂ ਸ਼ਾਂਤ ਹੋਣ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਅੱਜ ਇਹ ਸ਼ਾਂਤੀ ਚੂਰ-ਚੂਰ ਕਿਉਂ ਹੋ ਗਈ ਹੈ? ਪ੍ਰਕਿਰਤੀ ਦਾ ਨਾਸ਼ਵਾਨ ਤਾਂਡਵ ਕਿਉਂ ਹੋ ਰਿਹਾ ਹੈ? ਭਿੰਨ-ਭਿੰਨ ਸੁਹਾਵਣੀਆਂ ਰੁੱਤਾਂ ਨਾਲ ਧਰਤੀ ਨੂੰ ਨਿਵਾਜਣ ਵਾਲੀ ਪ੍ਰਕਿਰਤੀ ਅੱਜ ਸਾਡੇ ਨਾਲ ਨਾਰਾਜ ਕਿਉਂ ਹੋ ਗਈ ਹੈ? ਇਸੇ ਜਗਿਆਸਾ ਨੂੰ ਲੈ ਕੇ ਇੱਕ ਵਾਤਾਵਰਣ ਵਿਗਿਆਨੀ ਗੁਰੂ ਮਹਾਰਾਜ ਜੀ ਦੇ ਕੋਲ ਆਇਆ। ਉਸਦੇ ਗੁਰੂ ਮਹਾਰਾਜ ਜੀ ਨਾਲ ਹੋਏ ਵਾਰਤਾਲਾਪ ਦੇ ਕੁਝ ਅੰਸ਼ ਅਸੀਂ ਪ੍ਰਕਾਸ਼ਿਤ ਕਰਨ ਜਾ ਰਹੇ ਹਾਂ...

ਵਾਤਾਵਰਣ ਵਿਗਿਆਨੀ- ਗੁਰੂ ਮਹਾਰਾਜ ਜੀ, ਸਾਰੇ ਸੰਸਾਰ ਦੇ ਵਾਤਾਵਰਣ ਵਿਭਾਗਾਂ ਦੇ ਅੰਕੜੇ ਪਿਛਲੇ ਕੁਝ ਸਾਲਾਂ ਤੋਂ ਬਹੁਤ ਹੀ ਭਿਆਨਕ ਖੁਲਾਸੇ ਕਰ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਪ੍ਰਕਿਰਤੀ ਖੂਨੀ ਇਤਿਹਾਸ ਦੀ ਰਚਨਾ ਕਰ ਰਹੀ ਹੈ। ਭੂਚਾਲ, ਚੱਕਰਵਾਤ, ਸਮੁੰਦਰੀ ਤੂਫਾਨ, ਸੁਨਾਮੀ, ਅਕਾਲ, ਹੜ੍ਹ, ਮਹਾਂਮਾਰੀ, ਪ੍ਰਦੂਸ਼ਣ, ਗਲੋਬਲ ਵਾਰਮਿੰਗ। ਇਹਨਾਂ ਵਿੱਚੋਂ ਕੋਈ ਨਾ ਕੋਈ ਖਬਰ ਤਕਰੀਬਨ ਹਰ ਰੋਜ ਅਖਬਾਰਾਂ ਦੀਆਂ ਸੁਰਖੀਆਂ ਦਾ ਹਿੱਸਾ ਜਰੂਰ ਹੁੰਦੀ ਹੈ। ਸੰਨ 1980 ਤੱਕ ਸਾਡੇ ਕੋਲ ਸਿਰਫ 100 ਤਰ੍ਹਾਂ ਦੀਆਂ ਕੁਦਰਤੀ ਆਫਤਾਂ ਦਰਜ ਸਨ। ਪਰੰਤੂ ਸੰਨ 2000 ਤੋਂ ਇਹਨਾਂ ਅੰਕੜਿਆਂ ਵਿੱਚ ਜਬਰਦਸਤ ਉਛਾਲ (3 ਗੁਣਾ ਜਿਆਦਾ) ਆਇਆ ਹੈ। ਇਸ ਬਾਰੇ ਵਿਸ਼ਵ ਦੇ ਸਾਰੇ ਚਿੰਤਕ ਆਪਣੇ-ਆਪਣੇ ਮੱਤ ਦੇ ਰਹੇ ਹਨ। ਪਰ ਮੈਂ ਆਪ ਜੀ ਪਾਸੋਂ ਜਾਨਣਾ ਚਾਹੁੰਦਾ ਹਾਂ ਕਿ ਇਹ ਸਭ ਕੀ ਹੈ ਅਤੇ ਕਿਉਂ ਹੋ ਰਿਹਾ ਹੈ?

ਗੁਰੂ ਮਹਾਰਾਜ ਜੀ- ਸਾਡੇ ਭਾਰਤੀ ਸ਼ਾਸਤਰਾਂ ਅੰਦਰ ਸ਼ਿਵ ਸ਼ਕਤੀ ਦਾ ਵਰਣਨ ਮਿਲਦਾ ਹੈ। ਸਾਂਖਯ ਦਰਸ਼ਨ ਦੀ ਭਾਸ਼ਾ ਵਿੱਚ ਸ਼ਿਵ ਨੂੰ ਪੁਰਖ, ਅਤੇ ਸ਼ਕਤੀ ਨੂੰ ਪ੍ਰਕਿਰਤੀ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ। ਇਹੀ ਸ਼ਕਤੀ ਜੋ ਕਿਰਪਾਮਈ ਮਹਾਂਮਾਈ ਦੇ ਰੂਪ ਵਿੱਚ ਪ੍ਰਗਟ ਹੋਈ, ਉਹੀ ਸ਼ਕਤੀ ਸਮਾਂ ਆਉਣ ਤੇ ਰੁਦ੍ਰਰੂਪ ਧਾਰਨ ਕਰਨ ਵਾਲੀ ਮਹਾਂਕਾਲੀ ਬਣੀ। ਕੀ ਤੁਸੀਂ ਜਾਣਦੇ ਹੋ ਕਿ ਉਸਨੇ ਅਜਿਹਾ ਰੂਪ ਕਦੋਂ ਅਤੇ ਕਿਉਂ ਧਾਰਨ ਕੀਤਾ?

ਵਾਤਾਵਰਣ ਵਿਗਿਆਨੀ- ਹਾਂ ਜੀ, ਜਦੋਂ ਰਾਖਸ਼ਾਂ ਦੇ ਅੱਤਿਆਚਾਰ ਹੱਦ ਤੋਂ ਜਿਆਦਾ ਵਧ ਗਏ ਸਨ ਤਾਂ ਉਹਨਾਂ ਦਾ ਸੰਘਾਰ ਕਰਨ ਲਈ ਹੀ ਉਸਨੇ ਇਹ ਰੂਪ ਧਾਰਨ ਕੀਤਾ ਸੀ।

ਗੁਰੂ ਮਹਾਰਾਜ ਜੀ- ਬਿਲਕੁੱਲ ਠੀਕ, ਆਪ ਨੂੰ ਨਹੀਂ ਲੱਗਦਾ ਕਿ ਪ੍ਰਕਿਰਤੀ ਦੇ ਸੰਬੰਧ ਵਿੱਚ ਮਨੁੱਖ ਨੇ ਵੀ ਅੱਜ ਰਾਖਸ਼ ਦਾ ਰੂਪ ਧਾਰਨ ਕਰ ਲਿਆ ਹੈ?

ਵਾਤਾਵਰਣ ਵਿਗਿਆਨੀ- ਮੈਂ ਆਪ ਦੀ ਗੱਲ ਸਮਝ ਰਿਹਾ ਹਾਂ। ਜਿਸ ਨੂੰ ਵਾਤਾਵਰਣ ਵਿਗਿਆਨੀ ਪ੍ਰਕਿਰਤੀ ਨਾਸ਼ਕ ਦਬਾਅ (Anthropogenic Pressure) ਕਹਿੰਦੇ ਹਨ ਉਸਨੂੰ ਹੀ ਆਪ ਮਨੁੱਖ ਦੇ ਰਾਖਸ਼ਾਂ ਵਾਲੇ ਕਰਮ ਕਹਿ ਰਹੇ ਹੋ। ਆਪ ਦੀ ਗੱਲ ਸਹੀ ਵੀ ਹੈ। ਅੱਜ ਮਨੁੱਖ ਨਿਰਦੈਅਤਾ ਪੂਰਵਕ ਇਸ ਪ੍ਰਕਿਰਤੀ ਨੂੰ ਦੁਖੀ ਕਰ ਰਿਹਾ ਹੈ। ਸੱਭਿਅਤਾ ਦੀਆਂ ਇਮਾਰਤਾਂ ਖੜ੍ਹੀਆਂ ਕਰਨ ਲਈ ਉਹ ਪ੍ਰਕਿਰਤੀ ਨੂੰ ਅਪਾਹਿਜ ਬਣਾ ਰਿਹਾ ਹੈ। ਜੰਗਲਾਂ ਦਾ ਸਫਾਇਆ (De-forestation) ਕਰ ਰਿਹਾ ਹੈ। ਉਦਯੋਗੀਕਰਨ ਦੇ ਨਾਮ 'ਤੇ ਨਾਈਟ੍ਰੋਜਨ ਆੱਕਸਾਇਡ, ਸਲਫਰ ਡਾਇ-ਆੱਕਸਾਇਡ ਵਰਗੀਆਂ ਜਹਿਰੀਲੀਆਂ ਗੈਸਾਂ ਵਾਯੂਮੰਡਲ ਵਿੱਚ ਛੱਡ ਰਿਹਾ ਹੈ। ਭੂ, ਜਲ, ਵਾਯੂ, ਧੁਨੀ, ਰੇਡੀਓ ਐਕਟਿਵ ਪ੍ਰਦੂਸ਼ਣ ਫੈਲਾ ਕੇ ਪ੍ਰਕਿਰਤੀ ਨੂੰ ਜਹਿਰੀਲਾ ਕਰ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਸਭ ਮਨੁੱਖ ਦੇ ਰਾਖਸ਼ੀ ਕਰਮ ਹੀ ਹਨ।

ਗੁਰੂ ਮਹਾਰਾਜ ਜੀ- ਇਹੀ ਕਾਰਨ ਹੈ ਕਿ ਪ੍ਰਕਿਰਤੀ ਚੰਡੀ ਦਾ ਰੂਪ ਧਾਰਨ ਕਰ ਰਹੀ ਹੈ। ਰਿਗਵੇਦ ਦੇ ਇੱਕ ਮੰਤਰ ਵਿੱਚ ਕਿਹਾ ਗਿਆ ਹੈ- **मा नो माता पृथिवी दुर्मतौ धात्।** ਭਾਵ ਹੇ ਪ੍ਰਕਿਰਤੀ ਮਾਤਾ ਸਾਡੇ 'ਤੇ ਆਪਣੀ ਕ੍ਰੋਧ ਦ੍ਰਿਸ਼ਟੀ ਨਾ ਰੱਖਣਾ। ਇਸ ਪ੍ਰਸੰਗ ਅੰਦਰ ਨਿਊਟਨ ਦਾ ਤੀਸਰਾ ਗਤੀ ਨਿਯਮ (Newton's 3rd Law of motion) ਕੰਮ ਕਰ ਰਿਹਾ ਹੈ- 'To every action, there is an equal & opposite reaction.' ਹਰੇਕ ਕਿਰਿਆ ਦੀ ਸਮਾਨ ਪ੍ਰਤੀਕਿਰਿਆ ਹੁੰਦੀ ਹੈ। ਮਨੁੱਖ ਨੇ ਪ੍ਰਕਿਰਤੀ ਪ੍ਰਤੀ ਮਾਰਕ ਕਿਰਿਆਵਾਂ ਕੀਤੀਆਂ ਤਾਂ ਹੀ ਤਾਂ ਅੱਜ ਪ੍ਰਕਿਰਤੀ ਵੱਲੋਂ ਵੀ ਮਾਰਕ ਕਿਰਿਆਵਾਂ ਹੋ ਰਹੀਆਂ ਹਨ। ਵੈਦਿਕ ਵਿਗਿਆਨ ਵਿੱਚ ਤਾਂ ਇਹ ਸੂਤਰ ਬਿਲਕੁੱਲ ਸਪੱਸ਼ਟ ਰੂਪ ਵਿੱਚ ਸਾਡੇ ਸਾਹਮਣੇ ਰੱਖਿਆ ਗਿਆ ਹੈ- **'अवतां त्वा द्यावापृथिवी, अव त्वं द्यावापृथिवी'** ਭਾਵ ਜੇਕਰ ਅਸੀਂ ਪ੍ਰਿਥਵੀ ਅਤੇ ਅਕਾਸ਼ ਦੀ ਰੱਖਿਆ ਕਰਾਂਗੇ ਤਾਂ ਪ੍ਰਿਥਵੀ ਅਤੇ ਅਕਾਸ਼ ਵੀ ਸਾਡੀ ਰੱਖਿਆ ਕਰਨਗੇ ਕਿਉਂਕਿ ਅੱਜ ਅਸੀਂ ਪ੍ਰਕਿਰਤੀ ਦੀ ਰੱਖਿਆ ਨਾ ਕਰਕੇ ਉਸਦਾ ਵਿਨਾਸ਼ ਕਰ ਰਹੇ ਹਾਂ ਇਸ ਕਰਕੇ ਪ੍ਰਕਿਰਤੀ ਵੀ ਸਾਡੇ ਨਾਲ ਨਾਰਾਜ਼ ਹੋਈ ਹੈ।

ਵਾਤਾਵਰਣ ਵਿਗਿਆਨੀ- ਪਰ ਹੁਣ ਕੀ ਹੋਵੇਗਾ? ਪ੍ਰਕਿਰਤੀ ਦੀ ਇਸ ਨਾਰਾਜ਼ਗੀ ਨੂੰ ਕਿਵੇਂ ਰੋਕਿਆ ਜਾਵੇ? ਰੁਦ੍ਰ ਰੂਪ ਧਾਰਨ ਕਰੀ ਬੈਠੀ ਪ੍ਰਿਥਵੀ ਦਾ ਤਾਂਡਵ ਕਿਵੇਂ ਰੁਕੇਗਾ?

ਗੁਰੂ ਮਹਾਰਾਜ ਜੀ- ਸਭ ਤੋਂ ਪਹਿਲਾਂ ਸਮਾਜ ਨੂੰ ਆਪਣਾ ਦ੍ਰਿਸ਼ਟੀਕੋਣ ਬਦਲਣਾ ਪਵੇਗਾ। ਸਾਨੂੰ ਸਮਝਣਾ ਪਵੇਗਾ ਕਿ

MAGZTER
Clipped from - Akhand Gyan - Punjabi - June 2020
Read it digitally on the Magzter app

ਪ੍ਰਕਿਰਤੀ ਸਾਡੀ ਦਾਸੀ ਨਹੀਂ ਜਿਸ ਨਾਲ ਅਸੀਂ ਆਪਣੀ ਮਰਜੀ ਨਾਲ ਵਰਤਾਰਾ ਕਰ ਰਹੇ ਹਾਂ। ਪ੍ਰਕਿਰਤੀ ਸਾਡੀ ਮਾਂ ਹੈ- **'माता भूमिः पुत्रो अहं पृथिव्याः'** ਮਾਂ ਤੋਂ ਉਸਦਾ ਮਮਤਾਮਈ ਸਪਰਸ਼ ਗ੍ਰਹਿਣ ਕੀਤਾ ਜਾਂਦਾ ਹੈ। ਉਸਦੇ ਪ੍ਰੇਮ, ਲਾਡ ਅਤੇ ਕਿਰਪਾ ਦੀ ਅਸੀਸ ਲਈ ਜਾਂਦੀ ਹੈ। ਸਾਡੇ ਵੈਦਿਕ ਰਿਸ਼ੀਆਂ ਨੇ ਪ੍ਰਕਿਰਤੀ ਨਾਲ ਅਜਿਹਾ ਹੀ ਆਦਰ ਅਤੇ ਪ੍ਰੇਮ ਪੂਰਨ ਸੰਬੰਧ ਕਾਇਮ ਕੀਤਾ ਸੀ। ਅਥਰਵਵੇਦ ਦੇ ਇੱਕ ਮੰਤਰ ਅਨੁਸਾਰ- **'भूमिर्माता...भ्रातान्तरिक्षम्...द्यौर्नः पिता'** ਅਰਥਾਤ ਪ੍ਰਿਥਵੀ ਮਾਤਾ ਹੈ, ਪੁਲਾੜ ਪਿਤਾ ਹੈ ਅਤੇ ਆਕਾਸ਼ ਸਾਡਾ ਭਰਾ ਹੈ। ਯਜੁਰਵੇਦ ਦੇ ਇੱਕ ਮੰਤਰ ਅੰਦਰ ਦਰੱਖਤ ਨੂੰ ਦਸ ਪੁੱਤਰਾਂ ਵਰਗਾ ਹਿਤਕਾਰੀ ਕਿਹਾ ਗਿਆ ਹੈ- **'दशपुत्रसमो द्रुमः'** ਸਿਰਫ ਇਹੀ ਨਹੀਂ ਸਾਡੇ ਮਹਾਂਪੁਰਸ਼ਾਂ ਨੇ ਤਾਂ ਪ੍ਰਕਿਰਤੀ ਨੂੰ ਪੂਜਣ ਯੋਗ ਦਰਜਾ ਦਿੱਤਾ ਸੀ। ਪ੍ਰਕਿਰਤੀ ਦੇ ਪੰਜ ਤੱਤਾਂ- ਪ੍ਰਿਥਵੀ, ਜਲ, ਅਗਨੀ, ਵਾਯੂ ਅਤੇ ਅਕਾਸ਼ ਨੂੰ ਦੇਵਤਾ ਸਰੂਪ ਮੰਨਿਆ ਗਿਆ ਸੀ। ਵੈਦਿਕ ਗ੍ਰੰਥਾਂ ਵਿੱਚ ਦਰਜ ਮਿੱਤਰ, ਵਰੁਣ, ਮਰੁਤ, ਅਗਨੀ, ਵੰਨਯ, ਆਦਿੱਤਯ, ਇੰਦਰ ਆਦਿ ਦੇਵ ਨਾਮ ਅਸਲ ਵਿੱਚ ਕੁਦਰਤੀ ਸ਼ਕਤੀਆਂ ਨੂੰ ਹੀ ਸੰਬੋਧਿਤ ਕੀਤੇ ਗਏ ਹਨ। ਇੱਥੋਂ ਤੱਕ ਕਿ ਉਹਨਾਂ ਗ੍ਰੰਥਾਂ ਅੰਦਰ ਦਰੱਖਤ ਬਨਸਪਤੀਆਂ ਨੂੰ ਵੀ ਦੇਵਤਾ ਸਰੂਪ ਕਿਹਾ ਗਿਆ ਹੈ- **कीरुधो वैश्वदेवीः....। वनस्पतिः सह देवैर्न आगन्।**

ਇਸਦੇ ਨਾਲ ਹੀ ਰਿਸ਼ੀਆਂ ਨੇ ਕੁਝ ਧਾਰਮਿਕ ਵਿਧਾਨ ਵੀ ਬਣਾਏ ਸਨ ਜਿਵੇਂ ਭੂਮੀ ਪੂਜਣ, ਖੂਹ ਪੂਜਣ, ਵਣ ਪੂਜਣ ਆਦਿ। ਇਹਨਾਂ ਦੇ ਤਹਿਤ ਕੁਦਰਤੀ ਸੰਪੱਤੀਆਂ ਦੀ ਪੂਰਨ ਸ਼ਰਧਾ ਨਾਲ ਪੂਜਾ ਕੀਤੀ ਜਾਂਦੀ ਸੀ।

ਵਾਤਾਵਰਣ ਵਿਗਿਆਨੀ- ਮਹਾਰਾਜ ਜੀ, ਮੁਆਫ ਕਰਨਾ! ਪਰੰਤੂ ਕੀ ਇਹ ਸਭ ਅੰਧ-ਵਿਸ਼ਵਾਸ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਗੱਲਾਂ ਨਹੀਂ?

ਗੁਰੂ ਮਹਾਰਾਜ ਜੀ- ਬਿਲਕੁੱਲ ਨਹੀਂ, ਇਹ ਤਾਂ ਰਿਸ਼ੀਆਂ ਦਾ ਮਨੋਵਿਗਿਆਨਿਕ ਦ੍ਰਿਸ਼ਟੀਕੋਣ (Psycho-scientific approach) ਸੀ। ਉਹ ਧਰਮ ਨਾਲ ਜੁੜੇ ਮਨੋਵਿਗਿਆਨ ਤੋਂ ਚੰਗੀ ਤਰ੍ਹਾਂ ਵਾਕਿਫ ਸਨ। ਉਹ ਜਾਣਦੇ ਸਨ ਕਿ ਜਿਸ ਵਸਤੂ ਦੇ ਪ੍ਰਤੀ ਵਿਅਕਤੀ ਪੂਜਾ ਦਾ ਦ੍ਰਿਸ਼ਟੀਕੋਣ ਰੱਖਦਾ ਹੈ ਉਸਨੂੰ ਕਦੇ ਹਾਨੀ ਨਹੀਂ ਪਹੁੰਚਾ ਸਕਦਾ। ਜਿਸ ਦਰੱਖਤ ਨੂੰ ਉਹ ਦੇਵਤਾ ਸਰੂਪ ਸਮਝਦੇ ਹਨ ਉਸਨੂੰ ਕੱਟਣ ਤੋਂ ਪਹਿਲਾਂ ਕਈ ਵਾਰ ਸੋਚਣਗੇ। ਜਿਸ ਨਦੀ ਨੂੰ ਮਾਤਾ ਦੇ ਸਮਾਨ ਸਮਝੇਗਾ ਉਸਨੂੰ ਕਦੇ ਪ੍ਰਦੂਸ਼ਿਤ ਨਹੀਂ ਕਰੇਗਾ। ਇਹੀ ਕਾਰਨ ਹੈ ਕਿ ਰਿਸ਼ੀਆਂ ਨੇ ਆੱਕਸੀਜਨ ਦੇ ਭੰਡਾਰ ਪਿੱਪਲ ਨੂੰ ਦੇਵਤਾ ਕਹਿ ਕੇ ਸੰਬੋਧਿਤ ਕੀਤਾ- **अश्वत्थो देवसदनः।** ਰੋਗਨਾਸ਼ਕ ਅਤੇ ਪ੍ਰਦੂਸ਼ਣਨਾਸ਼ਕ ਤੁਲਸੀ ਨੂੰ ਦੇਵੀ ਕਿਹਾ ਗਿਆ। ਅਸੀਂ ਦੇਖਦੇ ਵੀ ਹਾਂ ਕਿ ਧਾਰਮਿਕ ਸੋਚ ਰੱਖਣ ਵਾਲੇ ਲੋਕ ਤੁਲਸੀ ਅਤੇ ਪਿੱਪਲ ਨੂੰ ਨਹੀਂ ਪੁੱਟਦੇ।

ਵਾਤਾਵਰਣ ਵਿਗਿਆਨੀ- ਪਰੰਤੂ ਕੀ ਸਿਰਫ ਧਾਰਮਿਕ ਦ੍ਰਿਸ਼ਟੀਕੋਣ ਦੁਆਰਾ ਹੀ ਅੱਜ ਕੁਦਰਤ ਉੱਪਰ ਆਏ ਭਿਆਨਕ ਕਸ਼ਟ 'ਤੇ ਲਗਾਮ ਕਸੀ ਜਾ ਸਕਦੀ ਹੈ? ਦੁਨੀਆਂ ਅੰਦਰ ਹਰੇਕ ਵਿਅਕਤੀ ਤਾਂ ਧਾਰਮਿਕ ਨਹੀਂ ਹੁੰਦਾ। ਖਾਸ ਕਰਕੇ ਅੱਜਕੱਲ੍ਹ ਤਾਂ ਲੋਕ ਧਰਮ ਤੋਂ ਬਿਲਕੁੱਲ ਵੀ ਨਹੀਂ ਡਰਦੇ।



MAGZTER
Clipped from - Akhand Gyan - Punjabi - June 2020
Read it digitally on the Magzter app

ਗੁਰੂ ਮਹਾਰਾਜ ਜੀ- ਆਪ ਨੇ ਠੀਕ ਕਿਹਾ ਕਿ ਸਿਰਫ ਧਾਰਮਿਕ ਹੋਣ ਨਾਲ ਹੀ ਗੱਲ ਨਹੀਂ ਬਣੇਗੀ। ਇਸ ਲਈ ਸਾਨੂੰ ਸੰਵਿਧਾਨਿਕ ਪੱਧਰ 'ਤੇ ਵੀ ਕੁਝ ਸਖਤ ਕਾਨੂੰਨ ਅਤੇ ਨਿਯਮ ਬਣਾਉਣੇ ਪੈਣਗੇ। ਇਸਦੇ ਲਈ ਵੀ ਸਾਨੂੰ ਵੈਦਿਕ ਕਾਲ ਵਿੱਚ ਜਾਣਾ ਪਵੇਗਾ। ਪੁਰਾਤਨ ਕਾਲ ਵਿੱਚ ਸਮਾਜ ਰੱਖਿਅਕ ਅਤੇ ਨਿਆਂ ਦੀ ਮੂਰਤੀ ਸਾਡੇ ਰਿਸ਼ੀ-ਮੁਨੀ ਹੁੰਦੇ ਸਨ। ਉਹਨਾਂ ਦੇ ਆਦੇਸ਼-ਨਿਰਦੇਸ਼ ਜਾਂ ਉਹਨਾਂ ਦੁਆਰਾ ਲਿਖਤ ਗ੍ਰੰਥਾਂ ਦੀਆਂ ਸਿੱਖਿਆਵਾਂ ਹੀ ਸੰਵਿਧਾਨਿਕ ਨਿਯਮਾਂ ਦੀ ਤਰ੍ਹਾਂ ਮੰਨੀਆਂ ਜਾਂਦੀਆਂ ਸਨ। ਉਹਨਾਂ ਨੇ ਪ੍ਰਕਿਰਤੀ ਦੀ ਰੱਖਿਆ ਸੰਬੰਧੀ ਅਨੇਕਾਂ ਹੀ ਨਿਯਮ ਬਣਾਏ ਸਨ। ਉਦਾਹਰਣ ਲਈ-

'ਸਮਨ੍ਤਰਿਕ੍ਸ਼ਂ ਦ੍ਰਸ਼੍ਯੇਨੋ ਅਪ੍ਤੁ' (਋ਗਵੇਦ) ਆਕਾਸ਼ ਨੂੰ ਧੂੰਆਂ ਮੁਕਤ ਰੱਖੋ।

'ਮਾऽਪੋ ਮੌਸ਼ਧੀਰ੍ਹਿੰ' (ਯਜੁ॰ ੬.੨੨) ਦਰੱਖਤ-ਬਨਸਪਤੀਆਂ ਨੂੰ ਨਾ ਕੱਟੋ।

'ਅਪ: ਪਿਨ੍ਵੌਸ਼ਧੀਰ੍ਜਿਨ੍ਵ' (ਯਜੁ. ੧੪.੮) ਦਰੱਖਤ ਬਨਸਪਤੀਆਂ ਦੀ ਸਿੰਚਾਈ ਕਰੋ ਅਤੇ ਤੰਦਰੁਸਤ ਰੱਖੋ।

'ਦ੍ਯਾਂ ਮਾ ਲੇਖੀ:' ਪੁਲਾੜ ਨੂੰ ਹਾਨੀ ਨਾ ਪਹੁੰਚਾਓ।

'ਅਨ੍ਤਰਿਕ੍ਸ਼ਂ ਮਾ ਹਿੰਸੀ:' ਅਕਾਸ਼ ਨੂੰ ਹਾਨੀ ਨਾ ਪਹੁੰਚਾਓ।

'ਪ੍ਰਥਿਵ੍ਯਾ ਸੰਭਵ' ਪ੍ਰਿਥਵੀ ਨੂੰ ਸਹਿਯੋਗ ਦਿਓ।

ਉਹਨਾਂ ਨੇ ਓਜ਼ੋਨ ਪਰਤ ਦੀ ਰੱਖਿਆ ਲਈ ਕਿਹਾ ਹੈ ਕਿ-

ਮਹਤ੍ ਤਦ੍ਯੂਲ੍ਬਂ ਸ੍ਥਵਿਰਂ ਤਦਾਸੀਦ੍...
ਤਸ੍ਯੋਤ ਜਾਯਮਾਨਸ੍ਯ-ਉਲ੍ਬ ਆਸੀਦ੍ ਹਿਰਣ੍ਯਯ:।
(਋ਗ॰ ੧੦.੫੧.੧, ਅਥਰ੍ਵੰ॰ ੪.੨.੮)

ਭਾਵ ਵਾਯੂਮੰਡਲ ਦੀ ਓਜ਼ੋਨ ਪਰਤ (membrane) ਗਰਭ ਦੀ ਝਿੱਲੀ ਵਰਗੀ ਹੈ। ਇਸ ਨੂੰ ਹਾਨੀ ਪਹੁੰਚਾਉਣਾ ਗਰਭ ਅੰਦਰ ਸਥਿਤ ਬਾਲਕ ਦੀ ਝਿੱਲੀ ਨਾਲ ਛੇੜਛਾੜ ਕਰਨ ਦੇ ਸਮਾਨ ਹੈ।

ਵੈਦਿਕ ਕਾਲ ਵਿੱਚ ਰਾਜਿਆਂ ਦਾ ਰਾਜ ਤਿਲਕ ਵੀ ਪ੍ਰਕ੍ਰਿਤਿਕ ਨਿਯਮਾਂ 'ਤੇ ਅਧਾਰਿਤ ਹੁੰਦਾ ਸੀ। ਮੁਕਟ ਧਾਰਨ ਕਰਦੇ ਸਮੇਂ ਰਾਜਾ ਕੁਦਰਤ ਦੀਆਂ ਸਾਰੀਆਂ ਸ਼ਕਤੀਆਂ ਨੂੰ ਬੁਲਾਉਂਦੇ ਹੋਏ ਸਹੁੰ ਚੁੱਕਦਾ ਸੀ- **ਪ੍ਰਥਿਵਿ ਮਾਤਰ੍ਮਾ ਮਾ ਹਿੰਸੀਰ੍ਮੋऽਅਹਂ ਤ੍ਵਾਮ੍ (ਯਜੁ. ੧੦. ੨੩)** ਅਰਥਾਤ ਹੇ ਪ੍ਰਿਥਵੀ ਮਾਤਾ, ਮੈਂ ਤੇਰੇ ਪ੍ਰਤੀ ਕਦੇ ਹਿੰਸਾ ਨਹੀਂ ਕਰਾਂਗਾ। ਤੂੰ ਵੀ ਕਦੇ ਮੇਰੇ ਲਈ ਹਿੰਸਕ ਨਾ ਬਣੀ। ਇਸੇ ਲੜੀ ਤਹਿਤ ਮੈਨੂੰ 5000 ਸਾਲ ਪਹਿਲਾਂ ਦਾ ਇੱਕ ਦ੍ਰਿਸ਼ਟਾਂਤ ਯਾਦ ਆ ਰਿਹਾ ਹੈ। ਕਿਸੇ ਰਾਜ ਵਿੱਚ ਇੱਕ ਆਲੀਸ਼ਾਨ ਮੰਦਿਰ ਦਾ ਨਿਰਮਾਣ ਕਰਨ ਲਈ ਇੱਕ ਹਰੇ-ਭਰੇ ਬਾਗ ਨੂੰ ਨਸ਼ਟ ਕਰਨ ਦਾ ਪ੍ਰਸਤਾਵ ਰੱਖਿਆ ਗਿਆ। ਜਦੋਂ ਇਹ ਗੱਲ ਰਾਜ ਦੇ ਇੱਕ ਤੱਤ ਗਿਆਨੀ ਰਿਸ਼ੀ ਤੱਕ ਪਹੁੰਚੀ ਤਾਂ ਉਹ ਨਗਰ ਵਾਸੀਆਂ ਨੂੰ ਸੁਚੇਤ ਕਰਦੇ ਹੋਏ ਕਹਿਣ ਲੱਗੇ ਕਿ ਤੁਹਾਡਾ ਰਾਜਾ ਇੱਕ ਮੂਰਖਤਾਪੂਰਨ ਕੰਮ ਕਰ ਰਿਹਾ ਹੈ। ਇੱਟ ਗਾਰੇ ਦਾ ਮਕਾਨ ਖੜ੍ਹਾ ਕਰਨ ਲਈ ਪਰਮਾਤਮਾ ਦੁਆਰਾ ਸਿਰਜੇ ਸੈਂਕੜੇ ਜੀਵਿਤ ਦੇਵ ਨਿਵਾਸਾਂ (ਦਰੱਖਤਾਂ) ਨੂੰ ਖਤਮ ਕਰਨ 'ਤੇ ਤੁਲਿਆ ਹੋਇਆ ਹੈ। ਜਿਸਦੀ ਉਹ ਸਿਰਜਣਾ ਨਹੀਂ ਕਰ ਸਕਦਾ ਉਸਦਾ ਸੰਘਾਰ ਕਰਨ ਦਾ ਵੀ ਉਸਨੂੰ ਕੋਈ ਹੱਕ ਨਹੀਂ। ਕੀ ਇਹ ਉਸਦਾ ਨੈਤਿਕ ਫਰਜ ਨਹੀਂ ਕਿ ਉਹ ਧਰਤੀ ਦੀ ਸੁੰਦਰਤਾ ਅਤੇ ਸੰਪੱਤੀ ਦੀ ਰੱਖਿਆ ਕਰਨ ਦਾ ਯਤਨ ਕਰੇ? ਜੇਕਰ ਕੁਦਰਤੀ ਸੰਪੱਤੀ ਹੀ ਨਹੀਂ ਰਹੇਗੀ ਤਾਂ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੀ ਸੌਂਪਾਂਗੇ? ਉਸਦੇ ਇਸ ਗੁਨਾਹ ਲਈ ਇਤਿਹਾਸ ਉਸਨੂੰ ਕਦੇ ਮੁਆਫ ਨਹੀਂ ਕਰੇਗਾ।

ਜੇਕਰ ਆਪ ਪ੍ਰਕਿਰਤੀ ਦੇ ਵਾਤਾਵਰਣ ਨੂੰ ਸੁਧਾਰਨਾ ਚਾਹੁੰਦੇ ਹੋ ਤਾਂ ਆਪਣੇ ਮਾਨਸਿਕ ਵਾਤਾਵਰਣ ਨੂੰ ਸੁਧਾਰਨਾ ਬਹੁਤ ਹੀ ਜਰੂਰੀ ਹੈ। ਚੇਤਨਾ ਦੀ ਜਾਗ੍ਰਤੀ ਲਈ ਸਾਨੂੰ ਯਤਨ ਕਰਨਾ ਪਵੇਗਾ। ਬ੍ਰਹਮ ਗਿਆਨ ਦੁਆਰਾ ਇਹ ਦੋਵੇਂ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ।

ਭਾਵ ਰਿਸ਼ੀਆਂ ਨੇ ਜਿੰਨ੍ਹਾਂ ਨਿਯਮਾਂ ਦੀ ਗੱਲ ਕੀਤੀ ਉਹ ਸਭ ਉਹਨਾਂ ਦੀ ਸਮਾਜਿਕ ਅਤੇ ਵਿਗਿਆਨਿਕ ਸੋਚ ਦੇ ਅੰਗ ਸਨ। ਨਿਯਮਾਂ ਦੇ ਦਾਇਰੇ ਵਿੱਚ ਬੰਨ੍ਹ ਕੇ ਉਹ ਸਮਾਜ ਨੂੰ ਪ੍ਰਕਿਰਤੀ ਦੀ ਰੱਖਿਆ ਲਈ ਜਾਗਰੂਕ ਕਰਦੇ ਸਨ। ਇਸ ਤੋਂ ਇਲਾਵਾ ਉਸ ਸਮੇਂ ਜੀਵਨ ਜਾਂਚ ਸੰਬੰਧੀ ਸੋਚ ਵੀ ਧਾਰਨ ਕੀਤੀ ਜਾਂਦੀ ਸੀ। ਜਿਵੇਂ ਮੰਤਰਾਂ ਦਾ ਉਚਾਰਣ, ਯੱਗ ਕਰਨਾ ਅਤੇ ਜਿਆਦਾ ਤੋਂ ਜਿਆਦਾ ਦਰੱਖਤ ਲਗਾਉਣੇ। ਕਈ ਪ੍ਰਾਚੀਨ ਰਾਜਾਂ ਅੰਦਰ ਇਹ ਅਟਲ ਨਿਯਮ ਸੀ ਕਿ 60 ਸਾਲਾਂ ਦੀ ਉਮਰ ਤੱਕ ਹਰੇਕ ਵਿਅਕਤੀ ਨੂੰ ਹਰ ਸਾਲ ਇੱਕ ਪੌਦਾ ਲਗਾਉਣਾ ਪੈਂਦਾ ਸੀ। ਲੋਕ ਆਪਣੀ ਸੰਤਾਨ ਵਾਂਗ ਹੀ ਦਰੱਖਤਾਂ ਦੀ ਪਾਲਣਾ ਅਤੇ ਉਹਨਾਂ ਦੀ ਰੱਖਿਆ ਕਰਦੇ ਸਨ। ਸ੍ਰੀ ਰਾਮਚਰਿਤ ਮਾਨਸ ਅੰਦਰ ਆਉਂਦਾ ਹੈ- **ਸੁਮਨ ਬਾਟਿਕਾ ਸਬਹਿੰ ਲਗਾਈ। ਬਿਬਿਧ ਭਾਂਤਿ ਕਰਿ ਜਤਨ ਬਨਾਈ॥**

ਵਾਤਾਵਰਣ ਵਿਗਿਆਨੀ- ਬਹੁਤ ਖੂਬ, ਆਪ ਨੇ ਤਾਂ ਮੈਨੂੰ ਵੈਦਿਕ ਕਾਲ ਦੇ ਵਾਤਾਵਰਣ ਪ੍ਰਬੰਧਨ ਦਾ ਸਾਰ ਦੱਸ ਦਿੱਤਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਸਾਰੇ ਉਪਾਅ ਅੱਜ ਦੇ ਸਮੇਂ ਲਈ ਬਹੁਤ ਹੀ ਮਹੱਤਵ ਰੱਖਦੇ ਹਨ। ਜੇਕਰ ਅੱਜ ਵੀ ਅਸੀਂ ਸਖਤ ਨਿਯਮ ਅਤੇ ਕਾਨੂੰਨਾਂ ਦੀ ਪਾਲਣਾ ਕਰਦੇ ਹੋਏ ਪ੍ਰਕਿਰਤੀ ਪ੍ਰਤੀ ਮਿੱਤਰਤਾ ਪੂਰਨ

MAGZTER
MAGZTER
Clipped from - Akhand Gyan - Punjabi - June 2020
Read it digitally on the Magzter app

ਰਵੱਈਆ ਅਪਣਾਈਏ ਤਾਂ ਵਾਤਾਵਰਣ ਅੰਦਰ ਬਹੁਤ ਵੱਡੀ ਸਾਕਾਰਾਤਮਕ ਕ੍ਰਾਂਤੀ ਆ ਸਕਦੀ ਹੈ।

ਗੁਰੂ ਮਹਾਰਾਜ ਜੀ- ਪੂਰਨ ਕ੍ਰਾਂਤੀ ਤਾਂ ਫਿਰ ਵੀ ਨਹੀਂ ਆ ਸਕੇਗੀ।

ਵਾਤਾਵਰਣ ਵਿਗਿਆਨੀ- ਮਹਾਰਾਜ ਜੀ! ਆਪ ਅਜਿਹਾ ਕਿਉਂ ਕਹਿ ਰਹੇ ਹੋ?

ਗੁਰੂ ਮਹਾਰਾਜ ਜੀ- ਮੇਰਾ ਮਤਲਬ ਹੈ ਕਿ ਇਹ ਸਾਰੇ ਯਤਨ ਵਿਅਰਥ ਹੀ ਸਿੱਧ ਹੋਣਗੇ। ਆਪ ਜਾਣਦੇ ਹੋ ਕਿ ਵਾਤਾਵਰਣ ਦੀ ਰੱਖਿਆ ਲਈ ਕੁਝ ਸੰਵਿਧਾਨਿਕ ਧਾਰਾਵਾਂ (21, 288-291) ਕਾਇਮ ਕੀਤੀਆਂ ਗਈਆਂ ਹਨ। ਸਕੂਲਾਂ ਅੰਦਰ ਬਚਪਨ ਤੋਂ ਹੀ ਸਾਨੂੰ ਵਾਤਾਵਰਣ ਪ੍ਰਤੀ ਨੈਤਿਕ ਪਾਠ ਪੜ੍ਹਾਏ ਜਾ ਰਹੇ ਹਨ। ਪਰੰਤੂ ਇਹਨਾਂ ਸਭ ਦੇ ਬਾਵਜੂਦ ਵੀ ਕੋਈ ਸਕਾਰਾਤਮਕ ਸਿੱਟੇ ਸਾਡੇ ਸਾਹਮਣੇ ਨਹੀਂ ਆ ਰਹੇ। ਕਿਸੇ ਦਾਰਸ਼ਨਿਕ ਨੇ ਬਹੁਤ ਵਧੀਆ ਕਿਹਾ ਹੈ- **'No one can persuade another to change. Each of us guards a gate of change that can only be opened from the inside. We cannot open the gate of another, either by facts, opinion, arguments, laws or emotional appeal.'**

ਵਾਤਾਵਰਣ ਵਿਗਿਆਨੀ- ਮੈਨੂੰ ਆਪ ਦੀ ਗੱਲ ਕੁਝ ਕੁ ਸਮਝ ਆ ਰਹੀ ਹੈ। ਪੂਰੀ ਤਰ੍ਹਾਂ ਨਹੀਂ।

ਗੁਰੂ ਮਹਾਰਾਜ ਜੀ- ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਉਪਰੋਕਤ ਸਥੂਲ ਯਤਨ ਤਾਂ ਹੀ ਸਫਲ ਹੋ ਸਕਦੇ ਹਨ ਜੇਕਰ ਅਸੀਂ ਆਂਤਰਿਕ ਜਾਂ ਸੂਖਮ ਪੱਧਰ 'ਤੇ ਵੀ ਯਤਨ ਕਰਾਂਗੇ।

ਵਾਤਾਵਰਣ ਵਿਗਿਆਨੀ- ਮਹਾਰਾਜ ਜੀ, ਆਂਤਰਿਕ ਜਾਂ ਸੂਖਮ ਪੱਧਰ ਤੋਂ ਆਪ ਦਾ ਕੀ ਭਾਵ ਹੈ?

ਗੁਰੂ ਮਹਾਰਾਜ ਜੀ- ਚੇਤਨਾ ਦਾ ਪੱਧਰ...ਆਤਮਾ ਦਾ ਪੜਾਅ। ਰੁਦ੍ਰ ਰੂਪ ਚੰਡੀ ਦਾ ਤਾਂਡਵ ਉਦੋਂ ਹੀ ਥੰਮਿਆ ਸੀ ਜਦੋਂ ਉਸਨੂੰ ਚੇਤੰਨ ਸ਼ਿਵ ਦਾ ਅਧਾਰ ਮਿਲਿਆ ਸੀ। ਸ਼ਿਵ ਅਰਥਾਤ ਪੁਰਖ-ਸਾਡੀ ਜਾਗ੍ਰਤ ਚੇਤਨਾ, ਆਤਮ-ਤੱਤ। ਜਦੋਂ ਤੱਕ ਸਾਡੀ ਅੰਦਰੂਨੀ ਚੇਤਨਾ ਦਾ ਜਾਗਰਣ ਨਹੀਂ ਹੋਵੇਗਾ, ਉਦੋਂ ਤੱਕ ਸਾਡੇ ਵਿਚਾਰਾਂ ਅਤੇ ਆਚਰਣ ਵਿੱਚ ਸਥਾਈ ਬਦਲਾਅ ਨਹੀਂ ਆ ਸਕੇਗਾ। ਇਸ ਲਈ ਵਾਤਾਵਰਣ ਰੱਖਿਆ ਦਾ ਅਚੂਕ ਸੂਤਰ ਹੈ- ਆਤਮ ਜਾਗ੍ਰਤੀ (Self-Awakening) ਜੋ ਸਿਰਫ ਬ੍ਰਹਮ ਗਿਆਨ ਪ੍ਰਾਪਤ ਕਰਕੇ ਹੀ ਸੰਭਵ ਹੈ। ਬ੍ਰਹਮ ਗਿਆਨ ਦੁਆਰਾ ਆਪ ਦਾ ਤੀਸਰਾ ਨੇਤਰ ਖੁੱਲ੍ਹਦਾ ਹੈ ਜਿਸਦੇ ਦੁਆਰਾ ਆਪ ਆਤਮਾ ਦਾ ਪ੍ਰਤੱਖ ਦਰਸ਼ਨ ਕਰਦੇ ਹੋ। ਆਪ ਦੀ ਅੰਤਰ ਚੇਤਨਾ ਪੂਰਨ ਤੌਰ ਤੇ ਜਾਗ੍ਰਿਤ ਹੋ ਜਾਂਦੀ ਹੈ। ਅਜਿਹਾ ਜਾਗ੍ਰਿਤ ਅਤੇ ਚੇਤੰਨ ਮਨੁੱਖ ਹੀ ਪ੍ਰਕਿਰਤੀ ਲਈ ਹਿਤਕਾਰੀ ਸਿੱਧ ਹੁੰਦਾ ਹੈ। ਆਪਣੇ ਹਰ ਕਰਮ ਅਤੇ ਆਚਰਣ ਦੁਆਰਾ ਸ੍ਰਿਸ਼ਟੀ ਦੇ ਕਣ-ਕਣ ਦਾ ਕਲਿਆਣ ਕਰਦਾ ਹੈ। ਸਿਰਫ ਆਚਰਣ ਹੀ ਕਿਉਂ ਉਹ ਤਾਂ ਆਪਣੀਆਂ ਸੂਖਮ ਵਿਚਾਰ ਤਰੰਗਾਂ ਨਾਲ ਸਮੁੱਚੇ ਵਾਤਾਵਰਣ ਵਿੱਚ ਹੀ ਅਦਭੁੱਤ ਕ੍ਰਾਂਤੀ ਲਿਆਉਂਦਾ ਹੈ।

ਵਾਤਾਵਰਣ ਵਿਗਿਆਨੀ- ਵਾਤਾਵਰਣ ਵਿੱਚ ਸੰਪੂਰਨ ਕ੍ਰਾਂਤੀ ਉਹ ਵੀ ਸੂਖਮ ਵਿਚਾਰ ਤਰੰਗਾਂ ਦੁਆਰਾ। ਮਹਾਰਾਜ ਜੀ, ਮੈਨੂੰ ਆਪ ਦੀ ਗੱਲ ਸਮਝ ਨਹੀਂ ਆ ਰਹੀ?

ਗੁਰੂ ਮਹਾਰਾਜ ਜੀ- ਕੀ ਤੁਸੀਂ ਕਦੇ 'Butterfly Effect' ਬਾਰੇ ਸੁਣਿਆ ਹੈ।

ਵਾਤਾਵਰਣ ਵਿਗਿਆਨੀ ਹੁਣ ਹੈਰਾਨੀ ਨਾਲ ਗੁਰੂ ਮਹਾਰਾਜ ਵੱਲ ਤੱਕਦਾ ਹੈ, ਸ਼ਾਇਦ ਉਹ ਇਹ ਸ਼ਬਦ ਪਹਿਲੀ ਵਾਰ ਸੁਣ ਰਿਹਾ ਸੀ।

ਗੁਰੂ ਮਹਾਰਾਜ ਜੀ- ਸੰਨ 1972 ਵਿੱਚ ਐਡਵਰਡ ਲੌਰੇਂਜ਼ ਨੇ ਇੱਕ ਖੋਜ ਕੀਤੀ ਜਿਸਦਾ ਸਿਰਲੇਖ ਸੀ- 'Predictability: does the flap of a butterfly's wings in Brazil set off a Tornado in Taxas?' ਅਰਥਾਤ ਕੀ ਬ੍ਰਾਜ਼ੀਲ ਵਿੱਚ ਹੋਈ ਇੱਕ ਤਿੱਤਲੀ ਦੇ ਖੰਭਾਂ ਦੀ ਆਵਾਜ ਨਾਲ ਟੈਕਸਾਸ ਵਿੱਚ ਚੱਕਰਵਾਤ ਆ ਸਕਦੇ ਹਨ? ਐਡਵਰਡ ਨੇ ਇਹੀ ਸਿੱਧ ਕੀਤਾ ਕਿ ਕਿਸ ਪ੍ਰਕਾਰ ਇੱਕ ਸੂਖਮ ਜਿਹੀ ਘਟਨਾ ਵਾਯੂਮੰਡਲ ਵਿੱਚ ਅਜਿਹੀਆਂ ਲੜੀਵਾਰ ਪ੍ਰਤੀਕਿਰਿਆਵਾਂ ਨੂੰ ਸ਼ੁਰੂ ਕਰਦੀ ਹੈ। ਜੋ ਅੰਤ ਵਿੱਚ ਚੱਕਰਵਾਤ ਵਰਗੀ ਵਿਸ਼ਾਲ ਘਟਨਾ ਨੂੰ ਅੰਜਾਮ ਦੇ ਦਿੰਦੀ ਹੈ।

ਵਾਤਾਵਰਣ ਵਿਗਿਆਨੀ- ਇਹ ਤਾਂ ਬਹੁਤ ਹੀ ਹੈਰਾਨੀ ਦੀ ਗੱਲ ਹੈ! ਪਰੰਤੂ ਇੱਕ ਬ੍ਰਹਮ ਗਿਆਨੀ ਦੀਆਂ ਸੂਖਮ ਵਿਚਾਰ ਤਰੰਗਾਂ ਵਿੱਚ ਇਹ 'Butterfly Effect' ਕਿਸ ਪ੍ਰਕਾਰ ਆ ਸਕਦਾ ਹੈ?

ਗੁਰੂ ਮਹਾਰਾਜ ਜੀ- ਇਹ ਤਾਂ ਬਹੁਤ ਹੀ ਸਧਾਰਨ ਜਿਹੀ ਗੱਲ ਹੈ। ਆਈਨਸਟੀਨ ਦੇ $E=mc^2$ ਸਿਧਾਂਤ ਦੇ ਬਾਅਦ ਵਿਗਿਆਨਕ ਤੌਰ 'ਤੇ ਇਹ ਸਿੱਧ ਵੀ ਹੋ ਗਿਆ ਕਿ ਸੰਪੂਰਨ ਪ੍ਰਕਿਰਤੀ ਤਰੰਗਮਈ ਹੈ। ਜਲ, ਥਲ ਅਤੇ ਆਕਾਸ਼ ਵਿੱਚ ਜੋ ਪਦਾਰਥ ਹਨ ਉਹ ਸਭ ਤਰੰਗਮਈ ਹਨ। ਇਸ ਖੋਜ ਦੁਆਰਾ ਸਾਡੇ ਸਾਹਮਣੇ ਇੱਕ ਨਵੇਂ ਤੱਥ ਦਾ ਆਗਾਜ਼ ਹੁੰਦਾ ਹੈ।

ਵਾਤਾਵਰਣ ਵਿਗਿਆਨੀ- ਕਿਸ ਨਵੇਂ ਤੱਥ ਦਾ?

ਗੁਰੂ ਮਹਾਰਾਜ ਜੀ- ਜੇਕਰ ਇਹ ਸਾਰੀ ਸ੍ਰਿਸ਼ਟੀ ਤਰੰਗ ਰੂਪ ਹੈ ਤਾਂ ਤਰੰਗਾਂ ਦੇ ਇਸ ਸਮੂਹ ਨੂੰ ਦੂਸਰੀਆਂ ਤਰੰਗਾਂ ਨਾਲ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਪ੍ਰਕਿਰਤੀ ਦੀਆਂ ਖਰਾਬ ਅਤੇ ਨਾਕਾਰਾਤਮਕ

MAGZTER
MAGZTER
Clipped from - Akhand Gyan - Punjabi - June 2020
Read it digitally on the Magzter app

ਤਰੰਗਾਂ ਦਾ ਚੇਤੰਨ, ਅਤੇ ਸ਼ੁੱਧ ਤਰੰਗਾਂ ਨਾਲ ਉਪਚਾਰ ਕੀਤਾ ਜਾ ਸਕਦਾ ਹੈ।

ਵਾਤਾਵਰਣ ਵਿਗਿਆਨੀ- ਆਪ ਦੀਆਂ ਗੱਲਾਂ ਬਹੁਤ ਹੀ ਡੂੰਘੀਆਂ ਅਤੇ ਰਹੱਸਮਈ ਹਨ ਪਰੰਤੂ ਕੀ ਇਹਨਾਂ ਨੂੰ ਪ੍ਰਯੋਗ ਵੀ ਕੀਤਾ ਜਾ ਸਕਦਾ ਹੈ?

ਗੁਰੂ ਮਹਾਰਾਜ ਜੀ- ਕਿਉਂ ਨਹੀਂ? ਭਾਰਤੀ ਵਿਗਿਆਨਕ ਜਗਦੀਸ਼ ਚੰਦਰ ਬੋਸ ਨੇ ਆਪਣੇ ਅਦਭੁੱਤ ਯੰਤਰ ਕ੍ਰੈਸਕੋਗ੍ਰਾਫ ਦੁਆਰਾ ਇਹ ਗੱਲ ਪੂਰੀ ਤਰ੍ਹਾਂ ਸਿੱਧ ਕਰ ਦਿੱਤੀ ਹੈ ਕਿ ਸਾਡੀਆਂ ਵਿਚਾਰ ਤਰੰਗਾਂ ਅਤੇ ਬਨਸਪਤੀ ਦਾ ਆਪਸੀ ਸੰਬੰਧ ਬਹੁਤ ਹੀ ਸੰਵੇਦਨਸ਼ੀਲ ਹੈ। ਜਦੋਂ ਇੱਕ ਮਾਲੀ ਜਾਂ ਪ੍ਰਕਿਰਤੀ ਪ੍ਰੇਮੀ ਪੌਦਿਆਂ ਦੇ ਕੋਲ ਜਾਂਦਾ ਹੈ ਤਾਂ ਗ੍ਰਾਫ ਦੀਆਂ ਤਰੰਗਾਂ ਖੁਸ਼ੀ ਅਨੁਭਵ ਕਰਦੀਆਂ ਹਨ। ਜਦੋਂ ਪੌਦਿਆਂ ਨੂੰ ਇੱਕ ਲੱਕੜਹਾਰੇ ਜਾਂ ਪ੍ਰਕਿਰਤੀ ਨੂੰ ਨਸ਼ਟ ਕਰਨ ਵਾਲੇ ਦਾ ਸਾਥ ਮਿਲਦਾ ਹੈ ਤਾਂ ਗ੍ਰਾਫ ਦੀਆਂ ਤਰੰਗਾਂ ਭੈਅ ਅਤੇ ਹਿੰਸਾ ਦੀਆਂ ਭਾਵਨਾਵਾਂ ਜਾਹਿਰ ਕਰਨ ਲੱਗਦੀਆਂ ਹਨ।

ਇਸੇ ਲੜੀ ਤਹਿਤ ਆਪਾਂ ਇੱਕ ਹੋਰ ਵਿਗਿਆਨਕ ਪ੍ਰਯੋਗ 'ਤੇ ਵਿਚਾਰ ਕਰਦੇ ਹਾਂ। ਇਹ ਪ੍ਰਯੋਗ ਜਪਾਨੀ ਡਾਕਟਰ ਮਸਰੂ ਇਮੋਟੋ ਦੁਆਰਾ ਜਰਮਨੀ ਅੰਦਰ ਕੀਤਾ ਗਿਆ ਸੀ। ਇਸਦੇ ਤਹਿਤ ਉਸਨੇ ਸਿੱਧ ਕੀਤਾ ਕਿ ਸਾਡੀਆਂ ਵਿਚਾਰ ਤਰੰਗਾਂ ਦਾ ਅਸਰ ਪਾਣੀ ਜਾਂ ਜਲ ਤੱਤਾਂ ਉੱਪਰ ਵੀ ਪੈਂਦਾ ਹੈ। ਆਪਣੇ ਪ੍ਰਯੋਗ ਨੂੰ ਸਿੱਧ ਕਰਨ ਲਈ ਉਸਨੇ ਕੱਚ ਦੀਆਂ ਤਿੰਨ ਬੋਤਲਾਂ ਲਈਆਂ। ਇਹਨਾਂ ਸਭ ਬੋਤਲਾਂ ਨੂੰ ਸਾਫ ਪਾਣੀ ਨਾਲ ਇੱਕੋ ਨਲਕੇ ਤੋਂ ਭਰਿਆ। ਫਿਰ ਇਹਨਾਂ ਬੋਤਲਾਂ ਤੇ ਅਲੱਗ-ਅਲੱਗ ਲੇਬਲ ਚਿਪਕਾ ਦਿੱਤੇ। ਇੱਕ ਉੱਪਰ 'Terror' ਲਿਖਿਆ, ਦੂਸਰੀ 'ਤੇ 'Love' ਅਤੇ ਤੀਸਰੀ 'ਤੇ 'Hate' ਲਿਖਿਆ। ਇਸ ਤੋਂ ਬਾਅਦ ਜਿਸ ਬੋਤਲ 'ਤੇ ਜੋ ਲਿਖਿਆ ਸੀ ਉਸਦੇ ਅਧਾਰ 'ਤੇ ਇਮੋਟੋ ਉਹਨਾਂ ਬੋਤਲਾਂ ਅੱਗੇ ਵਿਚਾਰ ਦੇਣ ਲੱਗਿਆ। ਜਿਵੇਂ ਨਫਰਤ ਲਿਖੀ ਬੋਤਲ ਸਾਹਮਣੇ ਉਸਨੇ 10 ਮਿੰਟ ਤੱਕ ਦ੍ਵੈਸ਼ਪੂਰਨ ਅਤੇ ਨਫਰਤ ਭਰੇ ਸ਼ਬਦ ਬੋਲੇ। ਪਿਆਰ ਲਿਖੀ ਬੋਤਲ ਅੱਗੇ 10 ਮਿੰਟ ਤੱਕ ਪ੍ਰੇਮ ਪੂਰਬਕ ਮਿੱਠੀਆਂ-ਮਿੱਠੀਆਂ ਗੱਲਾਂ ਕੀਤੀਆ। ਇਸ ਤੋਂ ਬਾਅਦ ਉਹਨਾਂ ਨੇ ਸਭ ਬੋਤਲਾਂ ਦੇ ਪਾਣੀ ਨੂੰ ਅਲੱਗ Crystallize ਕੀਤਾ। ਇਸ ਤੋਂ ਬਾਅਦ ਜੋ ਪ੍ਰਯੋਗ ਸਾਹਮਣੇ ਆਏ ਇਮੋਟੋ ਉਹਨਾਂ ਨੂੰ ਦੇਖ ਕੇ ਹੈਰਾਨ ਰਹਿ ਗਏ। ਆਪ ਵੀ ਸੁਣ ਕੇ ਹੈਰਾਨ ਰਹਿ ਜਾਵੋਗੇ ਕਿ ਇਮੋਟੋ ਨੂੰ ਇੱਕੋ ਤਰ੍ਹਾਂ ਦੇ crystals ਨਹੀਂ ਮਿਲੇ ਜਦੋਂ ਕਿ ਪਾਣੀ ਇੱਕ ਹੀ ਸੋਮੇ ਤੋਂ ਲਿਆ ਗਿਆ ਸੀ। ਜਿਸ ਪਾਣੀ ਨੂੰ ਈਰਖਾ ਪੂਰਨ ਨਫਰਤ ਭਰੀਆਂ ਤਰੰਗਾਂ ਮਿਲੀਆਂ ਸਨ ਉਸਦੇ crystals ਕਾਲੇ, ਬੇਢੰਗੇ ਅਤੇ ਕਰੂਪ ਸਨ। ਇਸਦੇ ਉਲਟ ਜਿਸ ਪਾਣੀ ਨੂੰ ਪ੍ਰੇਮਪੂਰਨ ਤਰੰਗਾਂ ਨਾਲ ਸਪਰਸ਼ ਕੀਤਾ ਗਿਆ ਸੀ ਉਸਦੇ crystals ਸਫੈਦ, ਚਮਕੀਲੇ ਅਤੇ ਪਾਰਦਰਸ਼ੀ ਸਨ।

ਇਮੋਟੋ ਦੇ ਇਸ ਪ੍ਰਯੋਗ ਨੇ ਇਸ ਤੱਥ ਨੂੰ ਸ਼ੀਸ਼ੇ ਵਾਂਗ ਸਾਫ ਕਰ ਦਿੱਤਾ ਕਿ ਸਾਡੀ ਸੋਚ ਜਾਂ ਭਾਵ ਤਰੰਗਾਂ ਦਾ ਜਲ ਵਰਗੇ ਕੁਦਰਤੀ ਤੱਤ 'ਤੇ ਵੀ ਕਿੰਨਾ ਗਹਿਰਾ ਅਤੇ ਵਿਸ਼ਾਲ ਪ੍ਰਭਾਵ ਪੈਂਦਾ ਹੈ ਅਤੇ ਜਲ ਤੱਤ ਕੁਦਰਤ ਅੰਦਰ 71% ਹਿੱਸੇ 'ਚ ਮੌਜੂਦ ਹੈ।

ਵਾਤਾਵਰਣ ਵਿਗਿਆਨੀ- ਸੱਚਮੁੱਚ ਇਹ ਸਭ ਤਾਂ ਬਹੁਤ ਹੀ ਹੈਰਾਨੀਜਨਕ ਤੱਥ ਹਨ। ਜਿੰਨ੍ਹਾਂ 'ਤੇ ਵਿਸ਼ਵਾਸ ਕਰਨਾ ਮੁਸ਼ਕਿਲ ਹੈ।

ਗੁਰੂ ਮਹਾਰਾਜ ਜੀ- ਪਰ ਇਹ ਸਭ ਗੱਲਾਂ ਪੂਰੀ ਤਰ੍ਹਾਂ ਸੱਚ ਹਨ। ਇਹ ਦੋਵੇਂ ਪ੍ਰਯੋਗ ਸਪੱਸ਼ਟ ਰੂਪ ਵਿੱਚ ਸਿੱਧ ਕਰਦੇ ਹਨ ਕਿ ਪ੍ਰਕਿਰਤੀ ਸਾਡੀਆਂ ਤਰੰਗਾਂ ਨਾਲ ਹੀ ਸੰਵਰਦੀ ਜਾਂ ਖਰਾਬ ਹੁੰਦੀ ਹੈ। ਧਾਰਮਿਕ ਗ੍ਰੰਥਾਂ ਅੰਦਰ ਵੀ ਇਸ ਤੱਥ ਨੂੰ ਬਹੁਤ ਹੀ ਸੁੰਦਰ ਤਰੀਕੇ ਨਾਲ ਸਿੱਧ ਕੀਤਾ ਗਿਆ ਹੈ। ਤ੍ਰੇਤਾਯੁੱਗ ਵਿੱਚ ਤਪੱਸਵੀਆਂ ਦੀਆਂ ਗਲਤ ਭਾਵਨਾਵਾਂ ਕਰਕੇ ਪੰਪਾ ਸਰੋਵਰ ਦਾ ਗੰਧਲਾ ਹੋ ਜਾਣਾ ਅਤੇ ਫਿਰ ਮਾਤਾ ਸ਼ਬਰੀ ਦੇ ਸਪਰਸ਼ ਨਾਲ ਫਿਰ ਤੋਂ ਸਾਫ ਅਤੇ ਨਿਰਮਲ ਹੋਣਾ ਇਹ ਘਟਨਾ ਇਸੇ ਹੀ ਸੱਚ ਦਾ ਅਲੰਕਾਰਿਕ ਪ੍ਰਮਾਣ ਹੈ। ਇਸ ਲਈ ਅੰਤ ਵਿੱਚ ਮੈਂ ਇਹੀ ਕਹਿਣਾ ਚਾਹਾਂਗਾ ਕਿ ਜੇਕਰ ਆਪ ਪ੍ਰਕਿਰਤੀ ਦੇ ਵਾਤਾਵਰਣ ਨੂੰ ਸੁਧਾਰਨਾ ਚਾਹੁੰਦੇ ਹੋ ਤਾਂ ਆਪਣੇ ਮਾਨਸਿਕ ਵਾਤਾਵਰਣ ਨੂੰ ਸੁਧਾਰਨਾ ਬਹੁਤ ਹੀ ਜਰੂਰੀ ਹੈ। ਚੇਤਨਾ ਦੀ ਜਾਗ੍ਰਤੀ ਲਈ ਸਾਨੂੰ ਯਤਨ ਕਰਨਾ ਪਵੇਗਾ। ਬ੍ਰਹਮ ਗਿਆਨ ਦੁਆਰਾ ਇਹ ਦੋਵੇਂ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਲਈ ਬ੍ਰਹਮ ਗਿਆਨ ਹੀ ਹੈ...

ਵਾਤਾਵਰਣ ਵਿਗਿਆਨੀ- ਇੱਕ ਸੰਪੂਰਨ ਕੁਦਰਤੀ ਕ੍ਰਾਂਤੀ ਦਾ ਰਾਮਬਾਣ ਜਿਸਦੇ ਪ੍ਰਯੋਗ ਨਾਲ ਸਾਰੀ ਸ੍ਰਿਸ਼ਟੀ ਨੂੰ ਫਿਰ ਤੋਂ ਨਿਰਮਲ ਅਤੇ ਪ੍ਰੇਮਪੂਰਨ ਤਰੰਗਾਂ ਨਾਲ ਭਰਿਆ ਜਾ ਸਕਦਾ ਹੈ। ਆਪ ਧੰਨ ਹੋ ਗੁਰੂ ਮਹਾਰਾਜ ਜੀ, ਆਪ ਨੂੰ ਮੇਰਾ ਕੋਟਿ-ਕੋਟਿ ਪ੍ਰਣਾਮ ਹੈ।

ਗੁਰੂ ਮਹਾਰਾਜ ਜੀ- ਆਸ਼ੀਰਵਾਦ! ਆਪ ਦਾ ਕਲਿਆਣ ਹੋਵੇ।

MAGZTER

MAGZTER

Clipped from - Akhand Gyan - Punjabi - June 2020
Read it digitally on the Magzter app

ਕੁਆਰੰਟੀਨ ਹੈ ਵੈਦਿਕ ਵਿਗਿਆਨਕ ਸੰਸਕਾਰ (ਭਾਗ-2)

(ਪਿਛਲੇ ਅੰਕ ਵਿੱਚ ਅਸੀਂ ਜਾਣਿਆ ਕਿ ਮਹਾਂਰਿਸ਼ੀ ਪੁਨਰਵਸੁ ਨੇ ਆਪਣੇ ਸ਼ਿਸ਼ਾਂ ਨੂੰ ਮਹਾਂਮਾਰੀ ਰੂਪੀ ਮਹਾਂਵਿਨਾਸ਼ ਦੇ ਕਾਰਨ ਬਾਰੇ ਦੱਸਿਆ ਕਿ ਮਨੁੱਖ ਦੀ ਅਧਰਮ ਯੁਕਤ ਬੁੱਧੀ, ਦੂਸ਼ਿਤ ਵਿਚਾਰਧਾਰਾ ਹੀ ਅਜਿਹੀ ਸਮੱਸਿਆ ਲਈ ਜਿੰਮੇਵਾਰ ਹਨ। ਸਾਡੀ ਵੈਦਿਕ ਸੰਸਕ੍ਰਿਤੀ ਵਿੱਚ ਅਜਿਹੀ ਮਹਾਂਮਾਰੀ ਦੇ ਸਮੇਂ 40 ਦਿਨਾਂ ਕੁਆਰੰਟੀਨ (Quarantine) ਰੂਪੀ ਵੈਦਿਕ ਸੰਸਕਾਰ ਦੁਆਰਾ ਇਸ 'ਚੋਂ ਬਾਹਰ ਨਿਕਲਣ ਦੀ ਵੀ ਚਰਚਾ ਹੈ। ਇਸ ਵੈਦਿਕ ਕੁਆਰੰਟੀਨ ਦੇ ਸਰੀਰਿਕ ਵਿਗਿਆਨ ਬਾਰੇ ਵੀ ਅਸੀਂ ਜਾਣਿਆ। ਪਰ ਸੰਪੂਰਨ ਰੂਪ 'ਚ ਮਹਾਂਮਾਰੀ ਦੇ ਕਾਰਨਾਂ ਨੂੰ ਖਤਮ ਕਰਨ ਲਈ ਵੈਦਿਕ ਕੁਆਰੰਟੀਨ ਦੇ ਮਨੋਵਿਗਿਆਨ ਅਤੇ ਧਿਆਨ ਵਿਗਿਆਨ ਨੂੰ ਅਪਣਾਉਣਾ ਵੀ ਜਰੂਰੀ ਹੈ ਜਿਸਦੀ ਵਿਸਥਾਰ ਸਹਿਤ ਚਰਚਾ ਕਰਦੇ ਹਾਂ।)

ਅੱਜ ਜਿਸ ਕੋਰੋਨਾ ਮਹਾਂਮਾਰੀ ਅਤੇ ਪ੍ਰਕ੍ਰਿਤੀ ਦੇ ਕਹਿਰ ਨਾਲ ਸਾਰਾ ਵਿਸ਼ਵ ਪੀੜਿਤ ਹੈ, ਉਸਦੀ ਇਸ ਸਮੱਸਿਆ ਦਾ ਨਿਵਾਰਣ ਕਰਦੇ ਹੋਏ ਮਹਾਂਰਿਸ਼ੀ ਚਰਕ ਨੇ ਚਰਕ ਸੰਹਿਤਾ ਦੇ ਤੀਸਰੇ ਅਧਿਆਇ ਜਨਪਦੋਧਵੰਸ ਵਿੱਚ ਕਿਹਾ-

शस्यते देहवृत्तिश्रव भेषजैः पूर्वमुद्धृतैः। ब्रह्मचर्यं दया दानं सदाचाररतिः शमः॥ १०२
सद्धर्म सत्कथा पूजा देवर्षीणां जितात्मनाम्। देशानामविपन्नानां साधूनां च निषेवणम्॥ १०३
दैवव्यपाश्रयं चेष्टं कर्म जीवितरक्षणम्।

ਅਰਥਾਤ ਮਹਾਂਮਾਰੀ ਦੇ ਸਮੇਂ ਬ੍ਰਹਮਚਰਜ, ਦਇਆ, ਦਾਨ, ਸਦਾਚਾਰ, ਸ਼ਾਂਤੀ, ਧਰਮ ਦਾ ਪਾਲਣ, ਸਤ ਕਥਾਵਾਂ ਦਾ ਸ੍ਰਵਣ, ਦੇਵ ਰਿਸ਼ੀਆਂ ਅਤੇ ਸੰਜਮੀ ਲੋਕਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਦੂਸ਼ਿਤ ਪ੍ਰਦੇਸ਼ਾਂ ਨੂੰ ਛੱਡ ਕੇ ਚੰਗੇ ਪ੍ਰਦੇਸ਼ 'ਚ ਅਰਥਾਤ ਗ੍ਰਹਿ ਨਿਵਾਸ ਕਰਨਾ ਚਾਹੀਦਾ ਹੈ। ਸਾਧੂਆਂ ਦੀ ਸੇਵਾ ਕਰਨੀ ਚਾਹੀਦੀ ਹੈ। ਜੀਵਨ ਦੀ ਰੱਖਿਆ ਕਰਨ ਦੇ ਲਈ **ਦੈਵਵ੍ਯਪਾਸ਼੍ਰਯਂ** ਅਰਥਾਤ ਸੱਚਾ ਵਰਤ-ਪਾਲਣ ਅਤੇ ਧਾਰਮਿਕ ਆਚਰਣ ਹੀ ਕਰਨਾ ਚਾਹੀਦਾ ਹੈ। ਮਹਾਂਰਿਸ਼ੀ ਸੁਸ਼੍ਰੁਤ ਨੇ ਵੀ ਸੁਸ਼੍ਰੁਤ ਸੰਹਿਤਾ ਦੇ ਸੂਤਰ ਸਥਾਨ ਦੇ ਛੇਵੇਂ ਅਧਿਆਇ ਦੇ 22ਵੇਂ ਸਲੋਕ

MAGZTER

MAGZTER
Clipped from - Akhand Gyan - Punjabi - June 2020
Read it digitally on the Magzter app

ਵਿੱਚ ਇਸ ਸਮੱਸਿਆ ਦਾ ਹੱਲ ਦੱਸਦੇ ਹੋਏ ਕਿਹਾ-

तत्र, स्थानपरित्यागशान्ति कर्म
प्रायश्चित्तमंगलजपहोमोपहारेज्याऽर्न्जनि
नमस्कारतपोनियम दयादान दीक्षाऽभ्युपगम
देवताब्राह्मणगुरुपरैर्भक्तिव्यम् एवं साधु भवति॥

ਅਰਥਾਤ ਇਸ ਪ੍ਰਕਾਰ ਜਨਪਦੋਧਵੰਸ/ਮਹਾਂਮਾਰੀ ਦੀ ਅਵਸਥਾ ਵਿੱਚ ਦੋਸ਼ ਪੂਰਨ ਸਥਾਨ ਦਾ ਤਿਆਗ, ਸ਼ਾਂਤੀ ਕਰਮ, ਪਛਤਾਵਾ, ਮੰਗਲ, ਜਪ, ਹਵਨ, ਯੱਗ, ਬਲਿਦਾਨ, ਸ਼ਰਧਾਂਜਲੀ, ਪ੍ਰਣਾਮ, ਤਪ, ਨਿਯਮ, ਦਇਆ, ਦਾਨ, ਦੀਖਿਆ ਗ੍ਰਹਿਣ, ਦੇਵਤਾ ਅਤੇ ਗੁਰੂਆਂ ਵਿੱਚ ਸ਼ਰਧਾ ਭਗਤੀ ਕਰਨੀ ਚਾਹੀਦੀ ਹੈ।

ਇਸ ਲਈ ਸ਼ਾਸਤਰਾਂ ਦੇ ਅਧਾਰ 'ਤੇ ਇਸ ਸਮੇਂ ਵਿੱਚ ਸੱਚਾ ਵਰਤ-ਪਾਲਣ, ਧਿਆਨ ਅਤੇ ਧਾਰਮਿਕ ਆਚਰਣ ਹੀ ਮਹਾਂਵਿਧਵੰਸ (ਮਹਾਂਵਿਨਾਸ਼) ਦੀ ਮਹਾਂਔਸ਼ਧੀ ਹਨ।

ਸਮਾਜ ਸ਼ਾਸਤਰੀਆਂ ਅਤੇ ਮਨੋਵਿਗਿਆਨਕਾਂ ਨੇ ਵੀ ਇਸ ਸੰਦਰਭ ਵਿੱਚ ਅਨੇਕਾਂ ਅਧਿਐਨ ਕੀਤੇ। ਉਹਨਾਂ ਦੇ ਸਾਰੇ ਅਧਿਐਨਾਂ ਵਿੱਚ ਚਾਹੇ ਕਿੰਨੇ ਵੀ ਮੱਤ-ਮਤਾਂਤਰ ਰਹੇ ਹੋਣ, ਪਰੰਤੂ ਇੱਕ ਸੂਤਰ ਸਾਰਿਆਂ ਵਿੱਚ ਇੱਕ ਸਮਾਨ ਹੈ- ਮਨ ਦੀ ਸ਼ਕਤੀਸ਼ਾਲੀ ਸੱਤਾ ਦਾ ਵਿਅਕਤੀਤਵ ਅਤੇ ਉਸਦਾ ਸਮਾਜ 'ਤੇ ਸ਼ਕਤੀਸ਼ਾਲੀ ਪ੍ਰਭਾਵ। ਆਧੁਨਿਕ ਭਾਰਤ ਦੇ ਪ੍ਰਸਿੱਧ ਚਿੰਤਕ ਅਤੇ ਸਮਾਜ ਵਿਗਿਆਨੀ ਰਾਧਾ ਕਮਲ ਮੁਖਰਜੀ ਆਪਣੀ ਪੁਸਤਕ Sickness of civilization ਵਿੱਚ ਲਿਖਦੇ ਹਨ, 'ਸੱਭਿਅਤਾ 'ਤੇ ਜੋ ਸੰਕਟ ਆਇਆ ਹੋਇਆ ਹੈ, ਉਸੇ ਨੂੰ ਅਸੀਂ ਚਰਿੱਤਰ ਦੇ ਪਤਨ ਦੇ ਰੂਪ ਵਿੱਚ ਦੇਖਦੇ ਹਾਂ। ਉਹ ਸਭ ਵਿਚਾਰਾਂ ਦੇ ਪੱਧਰ ਵਿੱਚ ਗਿਰਾਵਟ ਆ ਜਾਣ ਦੇ ਕਾਰਨ ਹੈ। ਸੁੱਖ ਸ਼ਾਂਤੀ ਦਾ ਸਮਾਂ ਹੋਵੇ ਤਾਂ ਵੀ ਉਸਦਾ ਮਾਣ ਆਦਰਸ਼ਵਾਦੀ ਵਿਚਾਰਾਂ ਦੀ ਬਹੁਲਤਾ ਨੂੰ ਹੀ ਜਾਵੇਗਾ ਅਤੇ ਜੇਕਰ ਸੰਸਾਰ ਵਿੱਚ ਸੰਕਟ ਦੀ ਭਰਮਾਰ ਹੁੰਦੀ ਹੈ ਤਾਂ ਉਸਦਾ ਕਾਰਨ ਵੀ ਜਨ-ਮਾਨਸ ਦੇ ਵਿਚਾਰਾਂ ਦਾ ਪੱਧਰ ਪਤਨ ਵੱਲ ਹੋ ਜਾਣਾ ਹੈ।'

ਵਿਚਾਰਾਂ ਦਾ ਤੂਫਾਨ ਮਨੁੱਖ ਦੇ ਅੰਦਰ ਭਿਆਨਕ ਉਤਪਾਤ ਮਚਾ ਕੇ ਰੱਖਦਾ ਹੈ। ਅੰਦਰ ਦਾ ਉਤਪਾਤ ਬਾਹਰ ਵੀ ਵਿਨਾਸ਼ ਕਰਦਾ ਹੈ। ਵਿਸ਼ਾਲ ਸਮਾਜ ਇੱਕ ਸਰੀਰ ਦੀ ਤਰ੍ਹਾਂ ਹੈ। ਸਮਾਜ ਦੀ ਇਕਾਈ- ਹਰੇਕ ਮਨੁੱਖ, ਇਸ ਸਰੀਰ ਰੂਪੀ ਸਮਾਜ ਦਾ ਮਹੱਤਵਪੂਰਨ ਭਾਗ ਹੈ। ਜਿਸ ਤਰ੍ਹਾਂ ਸਰੀਰ ਵਿੱਚ ਰੋਗ-ਪ੍ਰਤੀਰੋਧਕ ਸਮਰੱਥਾ ਸਹੀ ਨਾ ਹੋਣ ਕਾਰਨ ਰੋਗ ਪੈਦਾ ਹੁੰਦੇ ਹਨ, ਠੀਕ ਉਸੇ ਤਰ੍ਹਾਂ ਸਮਾਜ ਦੀ ਰੋਗ-ਪ੍ਰਤੀਰੋਧਕ ਸਮਰੱਥਾ ਹੈ, ਹਰੇਕ ਇਕਾਈ ਦਾ ਚਰਿੱਤਰ, ਵਿਚਾਰਧਾਰਾ ਅਤੇ ਚਿੰਤਨ ਦੀ ਦਿਸ਼ਾ। ਜੇਕਰ ਵਿਚਾਰਧਾਰਾ, ਚਿੰਤਨ ਦਾ ਪ੍ਰਵਾਹ ਆਤਮ-ਅਧਾਰਿਤ ਹੋਵੇ, ਆਤਮਿਕ ਧਰਾਤਲ ਨਾਲ ਜੁੜਿਆ ਹੋਵੇ ਤਾਂ ਸਮਾਜ ਚੰਗੀ ਤਰ੍ਹਾਂ ਵਿਵਸਥਿਤ ਅਤੇ ਸ਼ਾਂਤ ਹੁੰਦਾ ਹੈ। ਪਰ ਜੇਕਰ ਉਸਦੀ ਨਿਯੰਤਰਕ ਸ਼ਕਤੀ

MAGZTER
Clipped from - Akhand Gyan - Punjabi - June 2020
Read it digitally on the Magzter app

ਪਤਨ ਵੱਲ ਜਾਣ ਵਾਲੀ, ਮਨ ਦੀ ਚੰਚਲ ਸੱਤਾ ਹੀ ਉਸਦੀ ਨਿਯੰਤਰਕ ਸ਼ਕਤੀ ਹੈ ਤਾਂ ਸਮਾਜ ਨਿਸ਼ਚਿਤ ਹੀ ਰੋਗ ਗ੍ਰਸਿਤ ਅਰਥਾਤ ਅਸ਼ਾਂਤ ਹੀ ਰਹੇਗਾ। ਇਸ ਪ੍ਰਕਾਰ ਚਿੰਤਨ ਦੀ ਦਿਸ਼ਾ ਹੀ ਜੀਵਨ ਦੀ ਦਸ਼ਾ ਨੂੰ ਨਿਰਧਾਰਿਤ ਕਰਦੀ ਹੈ। ਇਸ ਲਈ ਮਹਾਂਮਾਰੀ ਦੇ ਸਮੇਂ ਵਿਅਕਤੀ ਲਈ ਵੈਦਿਕ ਕੁਆਰੰਟੀਨ 'ਚ ਮਾਨਸਿਕ ਵਿਗਿਆਨ ਵੀ ਸ਼ਾਮਿਲ ਕੀਤਾ ਗਿਆ।

ਵੈਦਿਕ ਕੁਆਰੰਟੀਨ ਦਾ ਮਨੋਵਿਗਿਆਨ

ਮਸਤਕ ਵਿੱਚ ਮਨ ਅਤੇ ਬੁੱਧੀ ਨੂੰ ਸੰਭਾਲਣ ਵਾਲੇ ਭਾਗ ਦੇ ਵਿਕਾਸ ਨੂੰ ਮਾਨਸਿਕ ਵਿਕਾਸ ਕਿਹਾ ਜਾਂਦਾ ਹੈ। ਸਰੀਰ ਦੇ ਹੋਰ ਕਿਸੇ ਵੀ ਅੰਗ ਨਾਲੋਂ, ਇਸ ਵਿੱਚ ਕਿਰਿਆਸ਼ੀਲਤਾ, ਚੇਤੰਨਤਾ ਅਤੇ ਸੰਵੇਦਨਸ਼ੀਲਤਾ ਇੰਨੀ ਜਿਆਦਾ ਹੈ ਕਿ ਇਸ ਨੂੰ ਮਨੁੱਖੀ ਸੱਤਾ ਦਾ ਕੇਂਦਰ ਬਿੰਦੂ ਵੀ ਕਿਹਾ ਜਾਂਦਾ ਹੈ। ਮਨੁੱਖੀ ਆਚਰਣ ਅਤੇ ਕਾਰਜਸ਼ੈਲੀ ਲਈ ਪ੍ਰੇਰਣਾ ਸ਼ਕਤੀ ਮਸਤਕ ਤੋਂ ਹੀ ਉਤਪੰਨ ਹੁੰਦੀ ਹੈ। ਪਰ ਇਹ ਭਾਗ ਵੀ ਪੂਰੀ ਤਰ੍ਹਾਂ ਸੁਤੰਤਰ ਨਹੀਂ ਹੈ। ਇਹ ਪੂਰਬਲੇ ਜਨਮਾਂ ਦੇ ਚਿਰ ਸੰਚਿਤ ਸੰਸਕਾਰਾਂ, ਇੱਛਾਵਾਂ, ਕਾਮਨਾਵਾਂ ਅਤੇ ਆਸਥਾਵਾਂ ਦੇ ਕਿੱਲੇ ਨਾਲ ਬੰਨ੍ਹਿਆ ਹੋਇਆ ਹੈ। ਇਸ ਲਈ ਮੁੱਖ ਪ੍ਰਸ਼ਨ ਇਹ ਹੈ ਕਿ ਮਨੁੱਖ ਦੇ ਚਿੰਤਨ ਦੀ ਦਿਸ਼ਾ ਨੂੰ ਨੀਚ ਤੋਂ ਉੱਚ ਵੱਲ ਕਿਵੇਂ ਮੋੜਿਆ ਜਾਵੇ?

ਸਮਾਜ ਦੀ ਇਕਾਈ- ਹਰੇਕ ਮਨੁੱਖ, ਇਸ ਸਰੀਰ ਰੂਪੀ ਸਮਾਜ ਦਾ ਮਹੱਤਵਪੂਰਨ ਭਾਗ ਹੈ। ਜਿਸ ਤਰ੍ਹਾਂ ਸਰੀਰ ਵਿੱਚ ਰੋਗ-ਪ੍ਰਤੀਰੋਧਕ ਸਮਰੱਥਾ ਸਹੀ ਨਾ ਹੋਣ ਕਾਰਨ ਰੋਗ ਪੈਦਾ ਹੁੰਦੇ ਹਨ, ਠੀਕ ਉਸੇ ਤਰ੍ਹਾਂ ਸਮਾਜ ਦੀ ਰੋਗ-ਪ੍ਰਤੀਰੋਧਕ ਸਮਰੱਥਾ ਹੈ, ਹਰੇਕ ਇਕਾਈ ਦਾ ਚਰਿੱਤਰ, ਵਿਚਾਰਧਾਰਾ ਅਤੇ ਚਿੰਤਨ ਦੀ ਦਿਸ਼ਾ।

ਮਸਤਕੀ ਸੰਰਚਨਾ ਕੇਵਲ ਮਾਸਪਿੰਡ ਹੀ ਨਹੀਂ ਹੈ ਸਗੋਂ ਜੀਵੰਤ ਬਿਜਲੀ ਦਾ ਭੰਡਾਰ ਹੈ। ਇਸ ਵਿੱਚ ਕਿਸੇ ਸ਼ਕਤੀਸ਼ਾਲੀ ਬਿਜਲੀ ਘਰ ਜਿਹੀ ਹਲਚਲ ਨਿਰੰਤਰ ਹੁੰਦੀ ਰਹਿੰਦੀ ਹੈ। ਹਮੇਸ਼ਾ ਕਿਰਿਆਸ਼ੀਲ ਬਣੇ ਰਹਿਣ ਵਾਲੇ ਮਸਤਕ ਵਿੱਚ 5,21,000 ਮੀਟਰ ਪ੍ਰਤੀ ਸੈਕੰਡ ਦੀ ਗਤੀ ਨਾਲ ਬਿਜਲੀ ਦੇ ਸੰਕੇਤ ਇੱਧਰ-ਉੱਧਰ ਦੌੜਦੇ ਹਨ। ਨਾੜੀ ਤੰਤੂਆਂ ਵਿੱਚੋਂ ਹੋ ਕੇ ਜੋ ਬਿਜਲੀ ਦੇ impulse ਦੌੜਦੇ ਹਨ ਉਹੀ ਗਿਆਨ ਇੰਦਰੀਆਂ ਦੇ ਦੁਆਰਾ ਜਰੂਰੀ ਸੂਚਨਾਵਾਂ ਮਸਤਕ ਦੇ ਕੇਂਦਰ ਤੱਕ ਪਹੁੰਚਾਉਂਦੇ ਹਨ ਅਤੇ ਆਉਣ ਵਾਲੇ ਸੰਕੇਤਾਂ, ਕਿਰਿਆਵਾਨ ਕੀਤੇ ਜਾਣ ਵਾਲੇ ਫੈਸਲਿਆਂ ਅਤੇ ਜਾਣ ਵਾਲੇ ਸੰਦੇਸ਼ਾਂ ਦੀ ਬੁਨਿਆਦ ਵੀ ਰੱਖਦੇ ਹਨ। ਆਉ! ਵਿਸਥਾਰ ਸਹਿਤ ਜਾਣਦੇ ਹਾਂ ਕਿ ਮਨੁੱਖ ਦੇ ਆਚਰਣ ਨੂੰ ਨਿਰਧਾਰਿਤ ਕਰਨ ਵਾਲੀਆਂ ਉਸਦੀਆਂ ਆਦਤਾਂ ਅਤੇ ਸੰਸਕਾਰ ਕਿਵੇਂ ਬਣਦੇ ਹਨ?

ਮਨੁੱਖੀ ਆਦਤਾਂ ਅਤੇ ਸੰਸਕਾਰ

ਮਨੁੱਖ ਆਪਣੇ ਵਾਤਾਵਰਣ ਤੋਂ ਜੋ ਕੁਝ ਵੀ ਸਿੱਖਦਾ ਹੈ ਉਸਦੇ ਦੋ ਪੜਾਅ ਹੁੰਦੇ ਹਨ। ਪਹਿਲਾ- ਜਾਣਕਾਰੀ ਹਾਸਿਲ ਕਰਨਾ ਅਤੇ ਦੂਜਾ- ਉਸ ਜਾਣਕਾਰੀ ਦਾ ਸੰਗ੍ਰਹਿ ਕਰਨਾ। ਜਦੋਂ ਗਿਆਨ ਇੰਦਰੀਆਂ ਦੇ ਦੁਆਰਾ ਕੋਈ ਜਾਣਕਾਰੀ ਪ੍ਰਾਪਤ ਹੁੰਦੀ ਹੈ ਤਾਂ ਨਿਊਰੋਨ (ਉਹ cell ਜੋ ਸਰੀਰ ਦੇ ਵੱਖ-ਵੱਖ ਭਾਗਾਂ ਦਾ ਸੰਦੇਸ਼ ਮਸਤਕ ਤੱਕ ਅਤੇ ਮਸਤਕ ਤੋਂ ਸਰੀਰ ਦੇ ਅੰਗ ਤੱਕ ਪਹੁੰਚਾਉਂਦੇ ਹਨ) ਕੋਸ਼ਾਂ ਵਿੱਚ ਉਸਦੀ ਸੂਚਨਾ ਲਈ ਸੰਪਰਕ ਸਥਾਪਿਤ ਹੁੰਦਾ ਹੈ ਜਾਂ ਬਿਜਲਈ ਪ੍ਰਵਾਹ ਹੁੰਦਾ ਹੈ ਤਾਂ ਕਿ ਉਸ ਨੂੰ ਕੇਂਦਰ ਤੱਕ ਪਹੁੰਚਾਇਆ ਜਾ ਸਕੇ। ਇਸ ਸੰਪਰਕ ਨੂੰ synapses ਕਹਿੰਦੇ ਹਨ। ਨਿਊਰੋਨ ਕੋਸ਼ਾਂ ਦਾ ਸੰਪਰਕ ਅਤੇ ਸੰਕੇਤਾਂ ਨੂੰ ਪਹੁੰਚਾਉਣ ਦੀ ਕੜੀ ਇੱਕ ਮਾਰਗ ਦਾ ਨਿਰਮਾਣ ਕਰਦੀ ਹੈ ਜਿਸ ਨੂੰ Neural Pathway ਕਹਿੰਦੇ ਹਨ। ਸ਼ੁਰੂਆਤੀ ਪੜਾਅ ਵਿੱਚ ਇਹ ਇੱਕ ਕੱਚੇ ਅਧੂਰੇ ਬਣੇ ਰਸਤੇ ਜਿਹਾ ਹੁੰਦਾ ਹੈ। ਜੇਕਰ ਉਹੀ ਕਿਰਿਆ ਵਾਰ-ਵਾਰ ਘਟਿਤ ਹੋਵੇ ਭਾਵ ਇੱਕੋ ਰਸਤਾ ਬਣਾਉਣ ਦੀ ਕਿਰਿਆ ਵਾਰ-ਵਾਰ ਅਤੇ ਜਲਦੀ ਹੁੰਦੀ ਰਹੇ ਤਾਂ ਇਹ ਕੱਚਾ ਰਸਤਾ ਇੱਕ ਪੱਕੀ ਸੜਕ ਵਿੱਚ ਬਦਲ ਜਾਂਦਾ ਹੈ। ਜਿਸ 'ਤੇ ਆਉਣਾ-ਜਾਣਾ ਵੀ ਸਰਲ ਹੈ ਅਤੇ ਸੌਖਾ ਵੀ। ਜਿਸ ਵਿੱਚ ਮਿਹਨਤ ਅਤੇ ਕੋਸ਼ਿਸ਼ ਬਹੁਤ ਘੱਟ ਹੋ ਜਾਂਦੀ ਹੈ। ਕੱਚਾ ਰਸਤਾ ਅਰਥਾਤ ਕੱਚੀ ਆਦਤ ਅਤੇ ਪੱਕਾ ਰਸਤਾ ਭਾਵ ਪੱਕੀ ਆਦਤ ਜਾਂ ਸੰਸਕਾਰ। (ਦੇਖੋ ਚਿੱਤਰ- ਕ) ਇਸ ਪ੍ਰਕਾਰ ਨਿਊਰੋਨ ਦੁਆਰਾ ਬਣਾਏ ਇਹ ਰਸਤੇ ਸਾਡੀਆਂ ਆਦਤਾਂ ਅਤੇ ਸੰਸਕਾਰਾਂ ਦਾ ਨਿਰਮਾਣ ਕਰਦੇ ਹਨ।

ਵਿਗਿਆਨਕ ਭਾਸ਼ਾ ਵਿੱਚ ਇਸ ਨੂੰ chunking ਕਹਿੰਦੇ ਹਨ। ਇਹ ਮਸਤਕ ਦੀ ਉਹ ਪ੍ਰਕਿਰਿਆ ਹੈ ਜਿਸ ਵਿੱਚ ਕਿਰਿਆ ਦਾ ਵਾਰ-ਵਾਰ ਹੋਣਾ ਆਪਣੇ ਆਪ ਵਿੱਚ ਦਿਨ ਭਰ ਦੀ ਆਦਤ ਬਣ ਜਾਂਦੀ ਹੈ ਜਿਸਦੇ ਲਈ ਤੁਹਾਨੂੰ ਕੋਈ ਕੋਸ਼ਿਸ਼ ਹੀ ਨਹੀਂ ਕਰਨੀ ਪੈਂਦੀ। ਮਨੋਵਿਗਿਆਨਕਾਂ ਨੇ ਸਿੱਧ ਕੀਤਾ ਹੈ ਕਿ ਮਸਤਕ ਦਾ ਚਿੰਤਨ ਵਿੱਚ ਪ੍ਰਯੋਗ ਹੋਣ ਵਾਲਾ ਭਾਗ ਬਹੁਤ ਘੱਟ ਹੈ। ਜਿਆਦਾਤਰ ਤਾਂ ਉਸਦੇ ਸਾਰੇ ਖੇਤਰ 'ਤੇ ਪੁਰਾਣੀਆਂ ਅਤੇ ਪੱਕੀਆਂ ਆਦਤਾਂ ਦਾ ਹੀ ਸਾਮਰਾਜ ਸਥਾਪਿਤ ਹੁੰਦਾ ਹੈ ਅਤੇ ਇਹ ਆਦਤਾਂ ਉਸਦੀ ਚੇਤਨਾ ਦੀਆਂ ਗਹਿਰੀਆਂ ਪਰਤਾਂ ਤੱਕ ਆਪਣੀ ਜੜ੍ਹਾਂ ਜਮ੍ਹਾ ਕੇ ਬੈਠੀਆਂ ਰਹਿੰਦੀਆਂ ਹਨ। ਇਹ ਆਦਤਾਂ ਬੁਰੀਆਂ ਵੀ ਹੋ ਸਕਦੀਆਂ ਹਨ ਅਤੇ ਚੰਗੀਆਂ ਵੀ। ਨਕਾਰਾਤਮਕ ਵੀ ਹੋ ਸਕਦੀਆਂ ਹਨ ਅਤੇ ਸਕਾਰਾਤਮਕ ਵੀ।

MAGZTER
Clipped from - Akhand Gyan - Punjabi - June 2020
Read it digitally on the Magzter app



ਚਿੱਤਰ- ਕ

ਆਓ! ਇੱਕ ਉਦਾਹਰਣ ਨਾਲ ਆਦਤਾਂ ਦੇ ਵਿਅਕਤੀਤਵ 'ਤੇ ਪੈਂਦੇ ਪ੍ਰਭਾਵ ਨੂੰ ਸਮਝਦੇ ਹਾਂ। ਜੇਕਰ ਇੱਕ ਢਲਾਣ ਵਾਲੇ ਉੱਚੇ ਸਥਾਨ ਦੀ ਚੋਟੀ 'ਤੇ ਪਹੁੰਚਣਾ ਹੋਵੇ ਤਾਂ ਗੁਰੂਤਾ ਬਲ ਦੇ ਵਿਰੁੱਧ ਜਿਆਦਾ ਬਲ ਦਾ ਪ੍ਰਯੋਗ ਕਰਦੇ ਹੋਏ ਦੋ ਕਿਰਿਆਵਾਂ ਕਰਨੀਆਂ ਪੈਂਦੀਆਂ ਹਨ- ਚੱਲਣਾ ਅਤੇ ਚੜ੍ਹਨਾ। ਫਿਰ ਕਿਤੇ ਸਿਖਰ 'ਤੇ ਪਹੁੰਚਣਾ ਸੰਭਵ ਹੋ ਪਾਉਂਦਾ ਹੈ। ਪਰ ਜੇਕਰ ਚੋਟੀ ਤੋਂ ਹੇਠਾਂ ਧਰਾਤਲ ਤੱਕ ਆਉਣਾ ਹੋਵੇ ਫਿਰ? ਇਸਦੇ ਲਈ ਜਿਆਦਾ ਕੋਸ਼ਿਸ਼ ਦੀ ਜਰੂਰਤ ਨਹੀਂ ਪੈਂਦੀ। ਕੇਵਲ ਸਰੀਰ ਨੂੰ ਢਲਾਣ 'ਤੇ ਢਿੱਲਾ ਛੱਡ ਦਿਓ ਰਿੜ੍ਹਨ ਲਈ, ਬਾਕੀ ਦਾ ਕੰਮ ਗੁਰੂਤਾ ਸ਼ਕਤੀ ਨਾਲ ਹੀ ਪੂਰਾ ਹੋ ਜਾਵੇਗਾ। ਆਦਤਾਂ ਅਜਿਹੀਆਂ ਹੀ ਹਨ- ਅਭਿਆਸ ਵਿੱਚ ਹਨ, ਪੱਕੀਆਂ ਹਨ, ਆਪਣੇ ਆਪ ਹੋ ਜਾਂਦੀਆਂ ਹਨ। ਆਦਤਾਂ ਦੇ ਅਨੁਸਾਰ ਚੱਲਦੇ ਜਾਣਾ- ਗੁਰੂਤਾ ਸ਼ਕਤੀ ਦੇ ਹੱਥਾਂ ਵਿੱਚ ਖੁਦ ਨੂੰ ਸੌਂਪ ਦੇਣ ਵਾਂਗ ਹੈ। ਜੇਕਰ ਇਹ ਆਦਤਾਂ ਉੱਤਮ ਵਿਅਕਤੀਤਵ ਦੇ ਨਿਰਮਾਣ ਵਿੱਚ ਸਹਾਇਕ ਹਨ, ਅਧਿਆਤਮਿਕ ਉੱਨਤੀ ਵਿੱਚ ਸਹਾਇਕ ਹਨ, ਚਰਿੱਤਰ ਬਲ ਨੂੰ ਚੰਗਾ ਬਣਾਉਂਦੀਆਂ ਹਨ ਫਿਰ ਇਹ ਚਿੰਤਾ ਦਾ ਵਿਸ਼ਾ ਨਹੀਂ। ਪਰ ਜੇਕਰ ਇਹ ਆਦਤਾਂ ਧਰਮ ਵਿਰੁੱਧ, ਨੀਤੀ ਮਰਿਆਦਾ ਵਿਰੁੱਧ, ਚਰਿੱਤਰ ਦਾ ਹਨਨ ਕਰਨ ਅਤੇ ਪਤਨ ਵੱਲ ਲੈ ਜਾਣ ਵਾਲੀਆਂ ਹਨ ਤਾਂ ਫਿਰ ਕੇਵਲ ਸਰਵਨਾਸ਼ ਨੂੰ ਸੱਦਾ ਦੇਣ ਵਾਂਗਰ ਹੀ ਹੈ। ਇਹਨਾਂ ਦੇ ਆਕਰਸ਼ਣ ਵਿੱਚ ਖੁਦ ਨੂੰ ਬੰਨ੍ਹਣਾ, ਇਹਨਾਂ ਦਾ ਗੁਲਾਮ ਹੋਣਾ ਖੁਦ ਦੇ ਲਈ ਵੀ ਹਾਨੀਕਾਰਕ ਹੈ ਅਤੇ ਸਮਾਜ ਦੇ ਲਈ ਵੀ। ਇਹਨਾਂ ਨੂੰ ਬਦਲਿਆ ਜਾ ਸਕਦਾ ਹੈ। ਬਸ ਵਧੇਰੇ ਬਲ ਦੀ ਜਰੂਰਤ ਹੈ। ਪਰ ਇਹ ਬਲ ਪ੍ਰਾਪਤ ਕਿਵੇਂ ਹੋਵੇਗਾ?

ਸਮੱਸਿਆ ਇਹ ਹੈ ਕਿ ਵਿਅਕਤੀ ਖੁਦ ਆਪਣੀਆਂ ਆਦਤਾਂ ਦੇ ਪ੍ਰਭਾਵ ਤੋਂ ਜਾਣੂੰ ਨਹੀਂ ਹੁੰਦਾ। ਜਾਣਦੇ ਹੋਏ ਵੀ ਕੋਸ਼ਿਸ਼ ਤਾਂ ਕਰਦਾ ਹੈ ਪਰ ਅਸਫਲ ਹੋ ਜਾਂਦਾ ਹੈ। ਜਦੋਂ ਵਾਰ-ਵਾਰ ਕੋਸ਼ਿਸ਼ ਕਰਦਾ ਅਤੇ ਹਾਰਦਾ ਹੈ ਤਾਂ ਭ੍ਰਮਿਤ ਬੁੱਧੀ ਆਦਤ ਦੇ ਪੱਖ ਵਿੱਚ ਅੰਨ੍ਹਾ ਸਮਰਥਨ ਅਨੇਕਾਂ ਤਰਕਾਂ ਦੁਆਰਾ ਪੇਸ਼ ਕਰਨ ਲੱਗਦੀ ਹੈ। ਵਿਅਕਤੀ ਅੰਦਰੋਂ ਜਾਣਦਾ ਹੈ ਕਿ ਉਹ ਬਚਾਅ ਵਿੱਚ ਮਿੱਥਿਆ ਤਰਕ ਦੇ ਰਿਹਾ ਹੈ। ਆਤਮਾ ਅੰਦਰੋਂ ਲਾਹਨਤ ਪਾਉਂਦੀ ਹੈ, ਸਮਝਾਉਂਦੀ ਹੈ ਪਰ ਉਹ ਉਸ ਨੂੰ ਅਣਦੇਖਿਆ ਅਤੇ ਅਣਸੁਣਿਆ ਕਰਕੇ ਆਦਤਾਂ ਦੇ ਸਾਹਮਣੇ ਹਥਿਆਰ ਸੁੱਟਣ ਲਈ ਮਜਬੂਰ ਹੋ ਜਾਂਦਾ ਹੈ।

ਬਸ ਇਹੀ ਆਦਤਾਂ, ਮਨ ਅਤੇ ਬੁੱਧੀ ਦਾ ਪ੍ਰਪੰਚ ਜੀਵਨ ਵਿੱਚ ਭਟਕਾਅ ਪੈਦਾ ਕਰਦੇ ਹਨ। ਜੀਵਨ ਦੀ ਸਭ ਤੋਂ ਵੱਡੀ ਸਫਲਤਾ ਅਤੇ ਪ੍ਰਾਪਤੀ ਇਹ ਹੈ ਕਿ ਆਪਣੀਆਂ ਸਰੀਰਿਕ ਅਤੇ ਮਾਨਸਿਕ ਆਦਤਾਂ ਨੂੰ ਜੋ ਉੱਚਿਤ ਹੈ ਉਸਦੇ ਸਾਂਚੇ ਵਿੱਚ ਢਾਲਿਆ ਜਾਵੇ। ਵਿਅਕਤੀਤਵ ਦੇ ਦੁਆਰਾ ਨਿਰਮਾਣ ਕਰਨ ਵਿੱਚ ਸਰੀਰਿਕ ਆਦਤਾਂ ਅਤੇ ਮਾਨਸਿਕ ਕਾਮਨਾਵਾਂ ਬਦਲਣੀਆਂ ਪੈਂਦੀਆਂ ਹਨ। ਇਹ ਹੈ ਆਤਮ-ਪਰਿਵਰਤਨ ਅਤੇ ਆਤਮ-ਸੂਝ ਦੀ ਪ੍ਰਕਿਰਿਆ। ਹੁਣ ਪ੍ਰਸ਼ਨ ਇਹ ਉੱਠਦਾ ਹੈ ਕਿ ਇਹ ਆਤਮ-ਪਰਿਵਰਤਨ ਅਤੇ ਆਤਮ-ਸੂਝ ਦੀ ਪ੍ਰਕਿਰਿਆ ਕਿਵੇਂ ਪੂਰਨ ਹੋਵੇ? ਕਿਵੇਂ ਮਸਤਕ ਵਿੱਚ ਅਜਿਹੀਆਂ ਚੰਗੀਆਂ ਆਦਤਾਂ ਦੇ Synapses ਪੈਦਾ ਕੀਤੇ ਜਾਣ ਜੋ ਕੱਚੀਆਂ ਪਗਡੰਡੀਆਂ ਨਾ ਰਹਿਣ ਬਲਕਿ ਪੱਕੀ ਸੜਕ ਵਿੱਚ ਤਬਦੀਲ ਹੋ ਜਾਣ? ਇਸਦਾ ਉੱਤਰ ਸਾਨੂੰ ਵੈਦਿਕ ਕੁਆਰੰਟੀਨ ਦੇ ਧਿਆਨ ਵਿਗਿਆਨ ਤੋਂ ਪ੍ਰਾਪਤ ਹੋਵੇਗਾ।

ਵੈਦਿਕ ਕੁਆਰੰਟੀਨ ਦਾ ਧਿਆਨ ਵਿਗਿਆਨ

ਸਾਂਖਯ ਦਰਸ਼ਨ ਵਿੱਚ ਕਿਹਾ ਗਿਆ ਹੈ- 'ध्यानं निर्विषयं मनः' ਅਰਥਾਤ ਧਿਆਨ ਦੁਆਰਾ ਹੀ ਮਨ ਵਿਸ਼ਿਆਂ ਤੋਂ ਮੁਕਤ ਹੁੰਦਾ ਹੈ। ਇਸ ਲਈ ਧਿਆਨ ਦੁਆਰਾ ਹੀ ਆਤਮ ਨਿਖਾਰ ਅਤੇ ਆਤਮ-ਵਿਕਾਸ ਸੰਭਵ ਹਨ। ਮਨ ਨੂੰ ਸਰਬ-ਉੱਚ ਲਕਸ਼ ਤੇ ਕੇਂਦਰਿਤ ਕਰਨਾ ਅਤੇ ਭਟਕਣ 'ਤੇ ਵਾਰ-ਵਾਰ ਫੜ੍ਹ-ਫੜ੍ਹ ਕੇ ਉਸੇ ਸੀਮਾ ਵਿੱਚ ਬੰਨ੍ਹ ਕੇ ਰੱਖਣ ਦੀ ਕੋਸ਼ਿਸ਼ ਦੀ ਪ੍ਰਕਿਰਿਆ ਦਾ ਨਾਮ ਹੀ 'ਧਿਆਨ' ਹੈ। ਧਿਆਨ ਇੱਕ ਪ੍ਰਕਾਰ ਦਾ ਤਪ ਹੈ ਜਿਸ ਵਿੱਚ ਸਰੀਰਿਕ ਅਤੇ ਮਾਨਸਿਕ ਤਪੱਸਿਆ ਹੈ, ਜਿਸ ਵਿੱਚ ਆਲਸੀ, ਵਿਲਾਸੀ ਅਤੇ ਅਲਾਮਤਾਂ ਦਾ ਪ੍ਰਤੀਰੋਧ ਆਤਮਿਕ ਬਲ ਨਾਲ ਕੀਤਾ ਜਾਂਦਾ ਹੈ। ਦ੍ਰਿੜ ਸੰਕਲਪਿਤ ਹੋ ਕੇ ਮਨੋਬਲ ਨਾਲ ਆਤਮਿਕ ਪ੍ਰਗਤੀ ਦੇ ਮਾਰਗ 'ਤੇ ਰੁਕਾਵਟ ਪੈਦਾ ਕਰਨ, ਗਲਤ ਸੰਸਕਾਰ ਪੈਦਾ ਕਰਨ ਵਾਲੀਆਂ ਆਦਤਾਂ ਨਾਲ ਨਾ ਕੇਵਲ ਯੁੱਧ ਹੀ ਛੇੜਨਾ ਹੁੰਦਾ ਹੈ ਸਗੋਂ ਉਹਨਾਂ ਨੂੰ ਹਰਾਉਣ ਲਈ ਨਿਰੰਤਰ ਕੋਸ਼ਿਸ਼ ਵੀ ਜਾਰੀ ਰੱਖਣੀ ਪੈਂਦੀ ਹੈ।

40 ਦਿਨਾਂ ਧਿਆਨ- ਆਪਣੇ ਆਪ ਵਿੱਚ ਸਥਿਤ ਹੋਣ ਦਾ ਕੁਆਰੰਟੀਨ

MAGZTER
Clipped from - Akhand Gyan - Punjabi - June 2020
Read it digitally on the Magzter app

ਜਨਮਾਂ ਤੋਂ ਇਕੱਠੇ ਕੀਤੇ ਸੰਸਕਾਰ, ਆਦਤਾਂ ਨੂੰ ਬਦਲਣ ਜਾਂ ਨਵੀਆਂ ਉੱਤਮ ਆਦਤਾਂ ਨੂੰ ਅਪਣਾਉਣ ਦੇ ਲਈ ਵਿਸ਼ੇਸ਼ ਸੂਤਰ ਹੈ- ਭੇਦਭਰੀ ਸੰਖਿਆ 40. ਇਸ ਪ੍ਰਕਾਰ 40 ਦਿਨ ਦੇ ਧਾਰਮਿਕ ਅਨੁਸ਼ਠਾਨ, ਤਪ, ਧਿਆਨ-ਸਾਧਨਾ, ਚਾਲੀਆ ਆਦਿ ਦੀਆਂ ਪਰੰਪਰਾਵਾਂ ਮਨ ਦੀਆਂ ਸੁਪਤ ਦਿਵਯ ਸ਼ਕਤੀਆਂ ਦੇ ਜਾਗਰਣ ਦਾ ਹੀ ਤਰੀਕਾ ਹੈ, ਜੋ ਜੀਵਨ ਨੂੰ ਖੁਸ਼ਹਾਲੀ ਵੱਲ ਲੈ ਜਾਂਦਾ ਹੈ। ਇਸੇ ਸੰਦਰਭ ਵਿੱਚ ਸੂਫੀ ਸੰਤ ਰੂਮੀ ਨੇ ਕਿਹਾ, 'ਗਰਭ ਵਿੱਚ 9 ਮਹੀਨੇ ਵਾਸ ਦਾ ਜੋ ਪ੍ਰਭਾਵ ਭਰੂਣ 'ਤੇ ਹੁੰਦਾ ਹੈ, ਉਹੀ ਪ੍ਰਭਾਵ 40 ਦਿਨ ਤੱਕ ਨਿਰੰਤਰ ਨਿਯਮਿਤ ਧਿਆਨ ਕਰਨ ਨਾਲ ਸਾਧਕ ਦੇ ਜੀਵਨ 'ਤੇ ਵੀ ਪੈਂਦਾ ਹੈ ਅਰਥਾਤ ਉਸਦਾ ਪੂਰਨ ਵਿਕਾਸ ਹੋ ਪਾਉਂਦਾ ਹੈ।' ਅਧਿਆਤਮ ਸ਼ੁੱਧ ਰੂਪ ਵਿੱਚ ਮਨ ਦਾ ਸ਼ਾਸਤਰ ਹੈ ਜਿਸ ਵਿੱਚ ਧਿਆਨ ਦੇ ਦੁਆਰਾ ਚਿੱਤ, ਬੁੱਧੀ ਅਤੇ ਮਨ ਦੀਆਂ ਗਹਿਰਾਈਆਂ ਵਿੱਚ ਪ੍ਰਵੇਸ਼ ਕਰਕੇ ਉਹਨਾਂ ਨੂੰ ਕੁਰੇਦਣ, ਉਭਾਰਨ ਅਤੇ ਉੱਨਤ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ।

ਇੱਕ ਵਾਰ ਇੱਕ ਸੇਵਕ ਨੇ ਗੁਰੂਦੇਵ **'ਸ੍ਰੀ ਆਸ਼ੁਤੋਸ਼ ਮਹਾਰਾਜ ਜੀ'** ਨੂੰ ਪੁੱਛਿਆ, 'ਨਿਰੰਤਰ ਨਿਯਮਿਤ ਧਿਆਨ ਕਰਨ ਦਾ ਕੀ ਲਾਭ ਹੈ?' ਸ੍ਰੀ ਗੁਰੂ ਮਹਾਰਾਜ ਜੀ ਨੇ ਉੱਤਰ ਦਿੰਦੇ ਹੋਏ ਕਿਹਾ, 'ਜੇਕਰ ਇੱਕ ਲੋਹੇ ਦੇ ਗੋਲੇ ਨੂੰ ਅੱਗ ਵਿੱਚ ਸੁੱਟ ਦਿਓ ਤਾਂ ਉਹ ਜਿੰਨਾ ਜਿਆਦਾ ਅੱਗ ਦਾ ਸੰਗ ਕਰੇਗਾ ਹੌਲੀ-ਹੌਲੀ ਉਸਦੇ ਜਲਾਉਣ ਅਤੇ ਪ੍ਰਕਾਸ਼ ਦੇਣ ਵਾਲੇ ਗੁਣਾਂ ਨੂੰ ਪੀਂਦਾ ਜਾਵੇਗਾ। ਇੱਕ ਸਮਾਂ ਅਜਿਹਾ ਆਵੇਗਾ ਜਦੋਂ ਉਹ ਤੇਜ ਰਹਿਤ ਲੋਹੇ ਦਾ ਗੋਲਾ ਇੱਕ ਦਹਿਕਦਾ ਹੋਇਆ ਅੰਗਾਰਾ ਬਣ ਜਾਵੇਗਾ। ਹੁਣ ਉਸ ਵਿੱਚ ਅੱਗ ਦੀ ਜਲਣ ਅਤੇ ਪ੍ਰਕਾਸ਼ਕ ਸਮਰੱਥਾ ਦੋਵੇਂ ਹੋਣਗੀਆਂ। ਦਹਿਕਦਾ ਹੋਇਆ ਲੋਹੇ ਦਾ ਗੋਲਾ, ਅੱਗ ਦੇ ਨਿਰੰਤਰ ਸੰਪਰਕ ਵਿੱਚ ਖੁਦ ਵੀ ਅੱਗ ਹੀ ਹੋ ਜਾਵੇਗਾ। ਇੰਝ ਹੀ ਸਾਧਕ ਜੇਕਰ ਨਿਰੰਤਰ ਨਿਯਮਿਤ ਧਿਆਨ ਕਰਦਾ ਹੈ ਤਾਂ ਪਰਮਾਤਮਾ ਦੇ ਗੁਣ ਉਸ ਵਿੱਚ ਆ ਜਾਂਦੇ ਹਨ। ਇਸ ਲਈ ਧਿਆਨ ਉਹ ਮਨੁੱਖੀ ਕੋਸ਼ਿਸ਼ ਹੈ ਜੋ ਆਪਣੀ ਅੰਤਰੀਵੀ ਪ੍ਰਕ੍ਰਿਤੀ ਨੂੰ ਭਗਵਾਨ ਦੇ ਅਨੁਰੂਪ ਬਣਾ ਲੈਂਦੀ ਹੈ।'

ਧਿਆਨ ਦਾ ਪ੍ਰਕ੍ਰਿਤੀ ਅਤੇ ਵਾਤਾਵਰਣ 'ਤੇ ਪ੍ਰਭਾਵ

ਨਿਰੰਤਰ ਧਿਆਨ ਨਾਲ ਮਨੁੱਖ ਬੁੱਧੀਮਾਨ ਅਤੇ ਤੇਜਵਾਨ ਬਣਦਾ ਹੈ ਜੋ ਵਾਤਾਵਰਣ ਦਾ ਗੁਲਾਮ ਨਹੀਂ ਹੁੰਦਾ ਸਗੋਂ ਆਪਣੀ ਪ੍ਰਚੰਡ ਪ੍ਰਤਿਭਾ ਨਾਲ ਵਾਤਾਵਰਣ ਨੂੰ ਬਦਲ ਦੇਣ ਵਿੱਚ ਸਮਰੱਥ ਹੁੰਦਾ ਹੈ। ਵਿਗਿਆਨਕਾਂ ਦੇ ਅਨੇਕਾਂ ਪ੍ਰਯੋਗਾਂ ਅਤੇ ਅਧਿਐਨਾਂ ਨੇ ਵੀ ਸਿੱਧ ਕੀਤਾ ਹੈ ਕਿ ਨਿਰੰਤਰ ਧਿਆਨ ਮਨੁੱਖ ਦੇ ਸੰਪੂਰਨ ਸਰੀਰਿਕ, ਬੌਧਿਕ ਅਤੇ ਮਾਨਸਿਕ ਵਿਅਕਤੀਤਵ ਨੂੰ ਆਤਮਿਕ ਊਰਜਾ ਨਾਲ ਪੂਰਨ ਵਿਕਸਿਤ ਕਰਦਾ ਹੈ।

- ਵਿਗਿਆਨਕਾਂ ਦਾ ਕਥਨ ਹੈ ਕਿ ਸਧਾਰਨ ਵਿਅਕਤੀ ਦੇ ਮਸਤਕ ਵਿੱਚ 20 ਵਾਟ ਬਿਜਲਈ ਸ਼ਕਤੀ ਹਮੇਸ਼ਾ ਸੰਚਾਲਿਤ ਹੁੰਦੀ ਰਹਿੰਦੀ ਹੈ। ਪਰ ਜੇਕਰ ਕਿਸੇ ਪ੍ਰਕਿਰਿਆ ਦੁਆਰਾ ਹਰੇਕ ਨਿਊਰੌਨ ਨੂੰ ਜਾਗ੍ਰਿਤ ਕੀਤਾ ਜਾ ਸਕੇ ਤਾਂ 10 ਲੱਖ ਅਰਬ ਨਿਊਰੌਨ, 10 ਅਰਬ ਡਾਇਨਮੋ ਦਾ ਕੰਮ ਕਰ ਸਕਦੇ ਹਨ ਅਤੇ ਇਹ ਗਹਿਰੇ ਧਿਆਨ ਨਾਲ ਪੂਰੀ ਤਰ੍ਹਾਂ ਸੰਭਵ ਹੈ।

- 'Autonomic Stability and Meditation' ਨਾਮਕ ਆਪਣੀ ਖੋਜ ਦੇ ਨਤੀਜੇ ਵਿੱਚ ਪ੍ਰਸਿੱਧ ਚਿਕਿਤਸਾ ਵਿਗਿਆਨੀ ਡੇਵਿਡ ਡਬਲਯੂ ਓਰਮੇ ਜੌਨਸਨ ਨੇ ਦੱਸਿਆ ਹੈ ਕਿ ਧਿਆਨ ਨਾਲ ਸਾਧਕ ਦੇ ਨਾੜੀ ਤੰਤਰ ਵਿੱਚ ਇੱਕ ਨਵੀਂ ਚੇਤਨਾ ਆ ਜਾਂਦੀ ਹੈ ਅਤੇ ਉਸਦੇ ਸਾਰੇ ਕਿਰਿਆ-ਕਲਾਪ ਸਥਾਈ ਰੂਪ ਵਿੱਚ ਨਿਯਮਿਤ ਹੋਣ ਲੱਗਦੇ ਹਨ। ਸਰੀਰ ਦੀ ਚਮੜੀ ਬਾਹਰੀ ਵਾਤਾਵਰਣ ਦੇ ਪ੍ਰਤੀ ਪ੍ਰਤੀਰੋਧੀ ਸਮਰੱਥਾ ਧਾਰਨ ਕਰ ਲੈਂਦੀ ਹੈ ਅਤੇ ਉਸ 'ਤੇ ਆਏ ਦਿਨ ਪੈਣ ਵਾਲੇ ਵਾਤਾਵਰਣ ਦੇ ਦਬਾਅ, ਸਾਈਕੋਸੋਮੈਟਿਕ ਬਿਮਾਰੀਆਂ, ਵਿਵਹਾਰਕ ਅਸਥਾਈਪਣ ਅਤੇ ਨਾੜੀ ਤੰਤਰ ਦੀਆਂ ਭਿੰਨ-ਭਿੰਨ ਕਮਜੋਰੀਆਂ ਆਦਿ ਦੂਰ ਹੋ ਜਾਂਦੀਆਂ ਹਨ। ਸਰੀਰ ਦੇ ਅੰਦਰ ਸ਼ਕਤੀ ਦਾ ਸੰਰਕਸ਼ਣ ਅਤੇ ਭੰਡਾਰ ਹੋਣ ਲੱਗਦਾ ਹੈ ਅਤੇ ਇਹ ਵਾਧੂ ਊਰਜਾ ਸਰੀਰ ਅਤੇ ਮਨ ਦੇ ਵੱਖ-ਵੱਖ ਕਾਰਜਾਂ, ਵਿਵਹਾਰਾਂ ਨੂੰ ਚੰਗੇ ਢੰਗ ਨਾਲ ਸੰਪਾਦਿਤ ਕਰਨ ਵਿੱਚ ਪ੍ਰਯੋਗ ਹੁੰਦੀ ਹੈ।

- ਵਿਗਿਆਨਕ ਫ੍ਰੈਂਕ ਪੈਪੇਨਟਿਨ ਨੇ ਆਪਣੀ ਖੋਜ- 'ਧਿਆਨ ਅਤੇ ਸ਼ੁੱਧੀਕਰਣ' ਵਿੱਚ ਉਲੇਖ ਕੀਤਾ ਹੈ ਕਿ ਧਿਆਨ ਦਾ ਨਿਯਮਿਤ ਅਭਿਆਸ ਕਰਨ ਨਾਲ ਮਨੁੱਖ ਦੇ ਸਰੀਰ ਦੀ ਜੀਵਨ ਸ਼ਕਤੀ ਵਧਦੀ ਹੈ। ਰੋਗ ਪ੍ਰਤੀਰੋਧਕ ਸਮਰੱਥਾ ਵਿੱਚ ਵਿਕਾਸ ਹੁੰਦਾ ਹੈ। ਨਤੀਜੇ ਵੱਜੋਂ ਆਏ ਦਿਨ ਦਬੋਚਣ ਵਾਲੀਆਂ ਅਨੇਕਾਂ ਛੂਤ ਅਤੇ ਲਾਗ ਦੀਆਂ ਬਿਮਾਰੀਆਂ ਤੋਂ ਸਹਿਜੇ ਹੀ ਛੁਟਕਾਰਾ ਮਿਲ ਜਾਂਦਾ ਹੈ।

- ਇੱਛਾ ਸ਼ਕਤੀ ਦੇ ਚਮਤਕਾਰਾਂ ਦਾ ਪ੍ਰਤੱਖ ਪ੍ਰਦਰਸ਼ਨ ਕਰਨ ਦੇ ਲਈ ਡਾਕਟਰ ਰਾਲਫ ਅਲੈਗਜ਼ੈਂਡਰ ਨੇ ਮੈਕਸਿਕੋ ਨਗਰ ਵਿੱਚ ਇੱਕ ਸਾਰਵਜਨਿਕ ਪ੍ਰਦਰਸ਼ਨ ਕੀਤਾ। ਇਸ ਪ੍ਰਦਰਸ਼ਨ ਵਿੱਚ ਸਾਰੇ ਨਾਮੀ-ਗਿਰਾਮੀ ਸਮਾਚਾਰ ਪੱਤਰਾਂ ਦੇ ਪ੍ਰਤੀਨਿਧੀ ਅਤੇ ਹੋਰ ਵਿਗਿਆਨਕ, ਤਰਕਸ਼ੀਲ, ਬੁੱਧੀਜੀਵੀ ਅਤੇ ਸਰਦੇ-ਪੁੱਜਦੇ ਨਾਗਰਿਕ ਸੱਦੇ ਗਏ ਸਨ। ਪ੍ਰਦਰਸ਼ਨ ਇਹ ਸੀ ਕਿ ਅਕਾਸ਼ ਵਿੱਚ ਛਾਏ ਬੱਦਲਾਂ ਨੂੰ ਕਿਸੇ ਵੀ ਸਥਾਨ ਦੀ ਕਿਸੇ ਵੀ ਦਿਸ਼ਾ ਵਿੱਚ ਮੋੜਿਆ ਜਾ ਸਕਦਾ ਹੈ ਅਤੇ ਉਹਨਾਂ ਨੂੰ ਕੋਈ ਵੀ ਸ਼ਕਲ ਦਿੱਤੀ ਜਾ ਸਕਦੀ ਹੈ। ਨਿਯਤ ਸਮੇਂ 'ਤੇ ਪ੍ਰਦਰਸ਼ਨ ਸ਼ੁਰੂ ਹੋਇਆ। ਉਸ ਸਮੇਂ ਅਕਾਸ਼ ਵਿੱਚ ਇੱਕ ਵੀ ਬੱਦਲ ਨਹੀਂ ਸੀ। ਪ੍ਰਯੋਗਕਰਤਾ ਨੇ ਦੇਖਦੇ ਹੀ ਦੇਖਦੇ ਘਟਾਵਾਂ ਬੁਲਾ ਲਈਆਂ ਅਤੇ ਬੱਦਲ ਚੜ੍ਹ ਕੇ ਅਕਾਸ਼ ਵਿੱਚ ਛਾ ਗਏ। ਦਰਸ਼ਕਾਂ ਦੀ ਮੰਗ 'ਤੇ ਉਹਨਾਂ ਨੇ ਬੱਦਲਾਂ ਦੇ

MAGZTER
Clipped from - Akhand Gyan - Punjabi - June 2020
Read it digitally on the Magzter app

ਟੁਕੜਿਆਂ ਨੂੰ ਆਪਣੀ ਇੱਛਾ ਅਨੁਸਾਰ ਜਿਵੇਂ ਮਰਜੀ ਖਿਲਾਰਿਆ ਅਤੇ ਉਹਨਾਂ ਦੇ ਅਕਾਰਾਂ ਤੋਂ ਅਜੀਬ ਸ਼ਕਲਾਂ ਬਣਾਉਣ ਦਾ ਪ੍ਰਦਰਸ਼ਨ ਕੀਤਾ। ਇਸ ਅਨੋਖੇ ਪ੍ਰਦਰਸ਼ਨ ਨੂੰ ਦੇਖਣ ਤੋਂ ਬਾਅਦ ਅਮਰੀਕਾ ਦੇ ਸਾਰੇ ਅਖਬਾਰਾਂ ਵਿੱਚ ਇਸਦਾ ਵਰਣਨ ਕੀਤਾ ਗਿਆ।

ਉਪਰੋਕਤ ਪ੍ਰਦਰਸ਼ਨ 'ਤੇ ਟਿੱਪਣੀ ਕਰਦੇ ਹੋਏ ਇੱਕ ਪ੍ਰਸਿੱਧ ਵਿਗਿਆਨੀ ਏਲੇਨ ਐਪ੍ਰਾਗੇਟ ਨੇ 'ਸਾਈਕੋਲੌਜੀ' ਪੱਤ੍ਰਿਕਾ ਵਿੱਚ ਇੱਕ ਵਿਸਥਾਰ ਲੇਖ ਛਾਪ ਕੇ ਦੱਸਿਆ ਕਿ ਮਨੁੱਖ ਦੀ ਇੱਛਾ ਸ਼ਕਤੀ ਇੱਕ ਵਿਲੱਖਣ ਸਮਰੱਥਾਵਾਨ ਬਿਜਲਈ ਧਾਰਾ ਹੈ ਅਤੇ ਉਸਦੇ ਅਧਾਰ 'ਤੇ ਪ੍ਰਕ੍ਰਿਤੀ ਦੀਆਂ ਹਲਚਲਾਂ ਨੂੰ ਪ੍ਰਭਾਵਿਤ ਕਰ ਸਕਣਾ ਪੂਰੀ ਤਰ੍ਹਾਂ ਵਿਧੀ ਅਨੁਸਾਰ ਹੈ, ਕਿਉਂਕਿ ਗਹਿਰੇ ਧਿਆਨ ਦੀ ਅਵਸਥਾ ਵਿੱਚ ਸਰੀਰ ਵਿੱਚੋਂ ਨਿਕਲਣ ਵਾਲੀਆਂ ਬਿਜਲਈ ਤਰੰਗਾਂ ਸਾਰੇ ਵਾਤਾਵਰਣ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ ਅਤੇ ਉਹਨਾਂ ਦਾ ਵੀ ਸ਼ੁੱਧੀਕਰਣ ਕਰਦੀਆਂ ਹਨ।

ਇਸ ਲਈ ਕਿਹਾ ਜਾਂਦਾ ਹੈ from self transformation to world transformation ਅਰਥਾਤ ਖੁਦ ਦੇ ਪਰਿਵਰਤਨ ਤੋਂ ਵਿਸ਼ਵ ਵਿੱਚ ਪਰਿਵਰਤਨ। ਇਸ ਪ੍ਰਕਾਰ ਮਨੁੱਖੀ ਸਰੀਰ ਵਿੱਚ ਮੌਜੂਦ ਅਨੰਤ ਸ਼ਕਤੀਆਂ ਅਤੇ ਸੰਭਾਵਨਾਵਾਂ ਦਾ ਪ੍ਰਗਟ ਅਤੇ ਜਾਗਰਣ ਧਿਆਨ ਦੁਆਰਾ ਹੀ ਸੰਭਵ ਹੈ। ਇਸ ਸੰਦਰਭ ਵਿੱਚ ਸ੍ਰੀ ਗੁਰੂ ਮਹਾਰਾਜ ਜੀ ਨੇ ਅਨਮੋਲ ਵਚਨ ਕਹੇ, 'ਜਦੋਂ ਭੂਚਾਲ ਆਉਂਦਾ ਹੈ ਤਾਂ ਉਸਦਾ ਕੋਈ ਕੇਂਦਰ (epicenter) ਹੁੰਦਾ ਹੈ। ਉਸ ਕੇਂਦਰ 'ਤੇ ਹੀ ਸਭ ਤੋਂ ਜਿਆਦਾ ਵਿਨਾਸ਼ ਹੁੰਦਾ ਹੈ। ਪਰ ਭੂਗੋਲ ਵਿਗਿਆਨੀ ਹੀ ਇਹ ਜਾਣਦਾ ਹੈ ਕਿ ਉੱਥੇ ਸਭ ਤੋਂ ਜਿਆਦਾ ਭੂ-ਤਾਪ ਊਰਜਾ (Geo thermal Energy) ਮੌਜੂਦ ਹੁੰਦੀ ਹੈ। ਜੇਕਰ ਉਸਦਾ ਸਿਰਜਣਾਤਮਕ ਉਪਯੋਗ ਕੀਤਾ ਜਾਵੇ ਤਾਂ ਵਿਨਾਸ਼ ਤੋਂ ਤਾਂ ਬਚਾਅ ਹੁੰਦਾ ਹੀ ਹੈ ਨਾਲ ਹੀ ਵਿਕਾਸ ਦੇ ਨਵੇਂ ਦਰਵਾਜੇ ਖੁੱਲ੍ਹ ਜਾਂਦੇ ਹਨ। ਠੀਕ ਇਸੇ ਪ੍ਰਕਾਰ ਮਨੁੱਖ ਅੰਦਰ ਵੀ ਵਿਚਾਰਾਂ ਅਤੇ ਵਿਕਾਰਾਂ ਦੇ ਭੂਚਾਲ ਆਉਂਦੇ ਰਹਿੰਦੇ ਹਨ, ਜੋ ਜੀਵਨ ਨੂੰ ਅਸ਼ਾਂਤ ਕਰ ਭਿਆਨਕ ਤਬਾਹੀ ਮਚਾ ਦਿੰਦੇ ਹਨ। ਇਸ ਭੂਚਾਲ ਦਾ ਕੇਂਦਰ ਮਨ ਹੀ ਹੁੰਦਾ ਹੈ। ਮਨ ਦੀ ਧਰਤੀ ਦੇ ਗਰਭ ਵਿੱਚ ਵੀ ਅਨੰਤ ਸ਼ਕਤੀਆਂ ਮੌਜੂਦ ਹਨ। ਮਨੁੱਖ ਨੂੰ ਭੂ-ਗਰਭ ਵਿਗਿਆਨਕ ਦੀ ਤਰ੍ਹਾਂ ਧਿਆਨ ਵਿੱਚ ਆਪਣੇ ਅੰਦਰ ਗੋਤਾ ਲਗਾਉਣਾ ਪਵੇਗਾ ਅਤੇ ਆਤਮਾ ਦੀ ਮਧਾਣੀ ਨਾਲ ਰਿੜਕ ਕੇ ਉਹਨਾਂ ਸ਼ਕਤੀਆਂ ਦਾ ਸਿਰਜਣਾਤਮਕ ਉਪਯੋਗ ਕਰ ਜੀਵਨ ਨੂੰ ਉੱਤਮ ਬਣਾਉਣਾ ਹੋਵੇਗਾ।'

ਜਦੋਂ ਵਰਤਮਾਨ ਵਿੱਚ ਬਾਹਰੀ ਪ੍ਰਸਥਿਤੀਆਂ ਗੰਭੀਰਤਾ ਅਤੇ ਭਿਆਨਕਤਾ ਦਾ ਜਾਮਾ ਪਾ ਕੇ ਮੂੰਹ ਅੱਡੀ ਖੜ੍ਹੀਆਂ ਹਨ, ਤਾਂ ਇੱਕ ਹੀ ਮਾਰਗ ਬਚਦਾ ਹੈ, ਵਿਅਕਤੀ ਅਤੇ ਸਮਾਜ ਦੀ ਰੋਗ ਪ੍ਰਤੀਰੋਧਕ ਸਮਰੱਥਾ ਦਾ ਵਿਕਾਸ ਕਰਨਾ। ਜੋ ਕੇਵਲ ਧਿਆਨ ਦੁਆਰਾ ਹੀ ਸੰਭਵ ਹੈ। ਡਿੱਗਦੇ ਮਨ ਅਤੇ ਵਿਗੜਦੀ ਬੁੱਧੀ ਨੂੰ ਉਠਾਇਆ ਅਤੇ ਸਜਾਇਆ ਜਾ ਸਕੇ, ਇਸਦੇ ਲਈ ਕੇਵਲ ਬਾਹਰੀ ਨਹੀਂ ਬਲਕਿ ਵੈਦਿਕ ਵਿਗਿਆਨਕ ਕੁਆਰੰਟੀਨ ਦਾ ਸਹਾਰਾ ਲੈਣਾ ਪਵੇਗਾ। ਇਸ ਲਈ ਸਾਧਕੋ! ਇਸ ਸਮੇਂ ਵਿੱਚ ਸਾਰੇ **'ध्यानमुपास्थिति'** ਅਰਥਾਤ ਧਿਆਨ ਦੀ ਉਪਾਸਨਾ ਵਿੱਚ ਲੱਗ ਜਾਓ।

MAGZTER
Clipped from - Akhand Gyan - Punjabi - June 2020
Read it digitally on the Magzter app

ਦਿਸ਼ਾ ਨਿਰਦੇਸ਼ਨ

Come on, let's do something different or do things differently. ਇਹ ਜਜ਼ਬਾ ਅਜੋਕੀ ਨੌਜਵਾਨ ਪੀੜ੍ਹੀ ਦੀਆਂ ਰਗਾਂ ਵਿੱਚ ਦੌੜ ਰਿਹਾ ਹੈ ਕਿ ਮੈਂ ਦੂਜਿਆਂ ਨਾਲੋਂ ਕੁਝ ਅਨੋਖਾ ਅਤੇ ਵਿਲੱਖਣ ਕਰਕੇ ਦਿਖਾਉਣਾ ਹੈ। ਨੌਜਵਾਨ ਪੀੜ੍ਹੀ ਹੀ ਨਹੀਂ ਆਧੁਨਿਕ ਯੁੱਗ ਦਾ ਹਰ ਵਿਅਕਤੀ ਇਸੇ ਦੌੜ ਵਿੱਚ ਸ਼ਾਮਿਲ ਹੁੰਦਾ ਜਾ ਰਿਹਾ ਹੈ ਅਤੇ ਜੋ ਇਸ ਵਿਚਾਰਧਾਰਾ ਤੋਂ ਵਾਂਝਾ ਹੈ ਉਸ ਲਈ ਇਹ ਕਹਿ ਦਿੱਤਾ ਜਾਂਦਾ ਹੈ ਕਿ ਇਹ ਸਮਾਜ ਨਾਲ ਕਦਮ ਮਿਲਾ ਕੇ ਨਹੀਂ ਚਲ ਰਿਹਾ। ਇਸੇ ਮਾਨਸਿਕਤਾ ਕਰ ਕੇ ਹੀ ਅਜੋਕਾ ਮਨੁੱਖ ਆਪਣੇ ਜੀਵਨ ਵਿੱਚ ਨਵੀਆਂ ਰਾਹਾਂ, ਨਵੀਆਂ ਦਿਸ਼ਾਵਾਂ ਦੀ ਚੋਣ ਕਰ ਰਿਹਾ ਹੈ। ਇਸੇ ਪ੍ਰਵਿਰਤੀ ਨੇ ਹੀ ਉਸਨੂੰ ਵੱਖ-ਵੱਖ ਨਵੇਂ ਤਜਰਬੇ ਕਰਨ ਦਾ ਜੋਸ਼ ਦਿੱਤਾ ਹੈ ਚਾਹੇ ਉਸਦਾ ਅੰਜਾਮ ਕੁਝ ਵੀ ਹੋਵੇ। ਬਸ ਕੁਝ ਵੱਖਰਾ ਕਰਨਾ ਹੈ। ਇਸ ਜਜ਼ਬੇ ਦਾ ਇੱਕ ਪੱਖ ਇਹ ਹੈ ਕਿ ਇਸ ਨਾਲ ਮਨੁੱਖ ਨੇ ਭੌਤਿਕ ਵਿਕਾਸ ਦੀਆਂ ਬੁਲੰਦੀਆਂ ਨੂੰ ਛੂਹਿਆ ਹੈ। ਨਵੀਆਂ ਕਾਢਾਂ ਅਤੇ ਤਕਨੀਕਾਂ ਨੂੰ ਜਨਮ ਦਿੱਤਾ ਹੈ। ਪਰ ਇਸ ਸਿੱਕੇ ਦਾ ਦੂਜਾ ਪਹਿਲੂ ਇਹ ਹੈ ਕਿ ਕੁਝ ਤਜਰਬਿਆਂ ਦੀ ਆੜ ਵਿੱਚ ਮਨੁੱਖ ਬਹੁਤ ਸਾਰੀਆਂ ਬੁਰੀਆਂ ਆਦਤਾਂ ਦਾ ਸ਼ਿਕਾਰ ਹੋ ਜਾਂਦਾ ਹੈ। ਦੋਵੇਂ ਹੀ ਪੱਖ ਇਹ ਬਿਆਨ ਕਰਦੇ ਹਨ ਕਿ ਇਸ ਦੌੜ ਦਾ ਕੋਈ ਸਿਰਾ ਨਹੀਂ। ਸਾਹਿਤਕ ਸ਼ਬਦਾਂ ਵਿੱਚ ਇੰਝ ਕਿਹਾ ਜਾ ਸਕਦਾ ਹੈ ਕਿ ਇਹ ਭੌਤਿਕਤਾ ਦੀ ਅੰਨ੍ਹੀ ਦੌੜ ਹੈ। ਇਹ ਦੌੜ ਅੰਨ੍ਹੀ ਹੈ ਜਾਂ ਫਿਰ ਅਸੀਂ ਸੁਜਾਖੇ ਨਹੀਂ? ਇਸ ਪ੍ਰਸ਼ਨ ਦਾ ਹੱਲ ਸਾਨੂੰ ਲੱਭਣਾ ਪਏਗਾ ਕਿਉਂਕਿ ਇੱਕ ਸੁਜਾਖਾ ਵਿਅਕਤੀ ਹੀ ਸਹੀ ਦਿਸ਼ਾ ਦੀ ਚੋਣ ਕਰ ਸਕਦਾ ਹੈ। (ਇੱਥੇ ਸੁਜਾਖੇ ਦਾ ਭਾਵ ਸਮਝ ਦੀ ਅੱਖ ਵਾਲੇ ਤੋਂ ਹੈ)।

ਸਭ ਦੇ ਜੀਵਨ ਦੀ ਮੂਲ ਜਰੂਰਤ ਹੈ ਕਿ ਅਸੀਂ ਆਪਣੇ ਜੀਵਨ ਨੂੰ ਸਹੀ ਦਿਸ਼ਾ ਵਿੱਚ ਲੈ ਜਾਣ ਦੇ ਸਮਰੱਥ ਹੋਈਏ ਕਿਉਂਕਿ ਜੀਵਨ ਇੱਕ ਕੈਨਵਸ ਦੀ ਨਿਆਈਂ ਹੈ ਜਿਸ ਉੱਪਰ ਅਸੀਂ ਆਪਣੇ ਕਰਮਾਂ ਦੁਆਰਾ ਕੁਝ ਉਕੇਰਦੇ ਹਾਂ। ਇਸਦੀ ਵਿਲੱਖਣਤਾ ਇਹ ਹੈ ਕਿ ਜੋ ਇਸ ਉੱਪਰ ਇੱਕ ਵਾਰ ਉਕੇਰ ਦਿੱਤਾ ਜਾਵੇ ਉਹ ਕਦੇ ਮਿਟ ਨਹੀਂ ਸਕਦਾ। **Life is an art of drawing without an eraser.** ਕਿਉਂਕਿ ਸਮਾਂ ਕਦੇ ਪਿੱਛੇ ਵੱਲ ਨਹੀਂ ਮੁੜਦਾ। ਇਸ ਲਈ ਆਪਣੇ ਜੀਵਨ ਵਿੱਚ ਸਾਨੂੰ ਮਾਰਗ ਜਾਂ ਦਿਸ਼ਾ ਦੀ ਚੋਣ ਸੂਝ-ਬੂਝ ਨਾਲ ਕਰਨੀ ਚਾਹੀਦੀ ਹੈ।

ਜੀਵਨ ਇੱਕ ਸੰਘਰਸ਼ ਹੈ, ਇਸ ਵਿੱਚ ਕੋਈ ਦੋ ਰਾਇ ਨਹੀਂ। ਇਸੇ ਲਈ ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਸੰਘਰਸ਼ ਕਰੋ, ਮਿਹਨਤ ਕਰੋ, ਮਿਹਨਤ ਦਾ ਫਲ ਮਿੱਠਾ ਹੁੰਦਾ ਹੈ। ਪਰ ਇਹ ਸੋਚ ਅਧੂਰੀ ਹੈ ਕਿਉਂਕਿ ਸੰਘਰਸ਼ ਅਤੇ ਮਿਹਨਤ ਤਾਂ ਇੱਕ ਚੋਰ ਵੀ ਕਰਦਾ ਹੈ। ਉਹ ਰਾਤਾਂ ਨੂੰ ਜਾਗਦਾ ਹੈ। ਇੱਕ ਰਿਸ਼ਵਤਖੋਰ ਅਤੇ ਘੋਟਾਲਾਖੋਰ ਵੀ ਕਰਦਾ ਹੈ ਕਿ ਕਿਤੇ ਮੇਰਾ ਅਪਰਾਧ ਜੱਗ ਜਾਹਿਰ ਨਾ ਹੋ ਜਾਵੇ। ਇਹ ਗੱਲ ਸ੍ਹੈ ਸਪੱਸ਼ਟ ਕਰਦੀ ਹੈ ਕਿ ਇਹਨਾਂ ਲੋਕਾਂ ਦੇ ਸੰਘਰਸ਼ ਅਤੇ ਮਿਹਨਤ ਦਾ ਫਲ ਮਿੱਠਾ ਨਹੀਂ। ਇਸ ਲਈ ਇਸ ਵਿਚਾਰ ਵਿੱਚ ਸੰਸ਼ੋਧਨ ਜ਼ਰੂਰੀ ਹੈ ਕਿ 'ਸਹੀ ਦਿਸ਼ਾ ਵਿੱਚ ਕੀਤੇ ਗਏ

MAGZTER

MAGZTER

Clipped from - Akhand Gyan - Punjabi - June 2020
Read it digitally on the Magzter app

ਸੰਘਰਸ਼ ਅਤੇ ਮਿਹਨਤ ਦਾ ਫਲ ਮਿੱਠਾ ਹੁੰਦਾ ਹੈ।' ਜੇਕਰ ਵਿਗਿਆਨ ਦੀ ਭਾਸ਼ਾ ਵਿੱਚ ਗੱਲ ਕਰੀਏ ਤਾਂ ਬਲ (force) ਇੱਕ Scalar physical quantity ਨਹੀਂ ਹੈ ਕਿ ਉਸਦੇ ਸਿਰਫ ਮਾਪਦੰਡ (magnitude) ਤੋਂ ਹੀ ਉਸਦਾ ਮੁਲਾਂਕਣ ਕੀਤਾ ਜਾ ਸਕੇ ਕਿ ਕਿਸੇ ਨੇ ਕਿੰਨਾ ਬਲ ਲਗਾਇਆ। ਬਲਕਿ ਬਲ ਇੱਕ vector quantity ਹੈ ਜਿਸਦੇ ਮਾਪਦੰਡ ਦੇ ਨਾਲ-ਨਾਲ ਦਿਸ਼ਾ ਵੀ ਮਾਇਨੇ ਰੱਖਦੀ ਹੈ ਕਿ ਕਿਸ ਦਿਸ਼ਾ ਵਿੱਚ ਉਹ ਬਲ ਲਗਾਇਆ ਗਿਆ। ਜਿਵੇਂ ਇੱਕ ਰਾੱਕੇਟ ਨੂੰ ਜਦੋਂ launch ਕੀਤਾ ਜਾਂਦਾ ਹੈ ਤਾਂ ਦੋ ਚੀਜਾਂ ਦਾ ਧਿਆਨ ਰੱਖਿਆ ਜਾਂਦਾ ਹੈ force of thrust ਅਤੇ angle of projection. Force ਉਸਦੇ ਬਲ ਲਈ ਅਤੇ angle ਉਸਦੀ ਦਿਸ਼ਾ ਲਈ। ਜੇ ਉਸਦੀ ਦਿਸ਼ਾ ਸਹੀ ਨਹੀਂ ਤਾਂ ਉਸਦਾ ਸਾਰਾ ਬਲ ਵਿਅਰਥ ਹੈ।

ਦਿਸ਼ਾ ਦੇ ਭਾਵ ਨੂੰ ਅਸੀਂ ਦੋ ਪੱਖਾਂ ਤੋਂ ਸਮਝ ਸਕਦੇ ਹਾਂ। ਪਹਿਲਾ ਇਹ ਕਿ ਅਸੀਂ ਕਿਸੇ ਸਥਾਨ 'ਤੇ ਪਹੁੰਚਣਾ ਹੈ ਤਾਂ ਸਾਨੂੰ ਉਸੇ ਦਿਸ਼ਾ ਜਾਂ ਮਾਰਗ ਨੂੰ ਚੁਣਨਾ ਪਵੇਗਾ ਜੋ ਸਾਨੂੰ ਘੱਟ ਤੋਂ ਘੱਟ ਸਮੇਂ ਵਿੱਚ ਸੌਖ ਨਾਲ ਸਾਡੇ ਨਿਸ਼ਚਿਤ ਸਥਾਨ 'ਤੇ ਪਹੁੰਚਾ ਦੇਵੇ। ਜੇ ਅਸੀਂ ਕਿਸੇ ਰਸਤੇ ਤੋਂ ਅਣਜਾਣ ਹਾਂ ਤਾਂ ਅਸੀਂ ਰਾਹ ਦੇ ਅਣਜਾਣ ਰਾਹੀਆਂ ਤੋਂ ਵੀ ਪੁੱਛਣ ਤੋਂ ਗੁਰੇਜ ਨਹੀਂ ਕਰਦੇ ਕਿਉਂਕਿ ਸਾਨੂੰ ਸਹੀ ਦਿਸ਼ਾ ਦੇ ਮਹੱਤਵ ਦਾ ਪਤਾ ਹੈ ਕਿ ਇਸ ਤੋਂ ਬਿਨਾ ਠੋਕਰਾਂ ਹੀ ਠੋਕਰਾਂ ਹਨ।

ਦੂਸਰੀ ਹੈ ਸਾਡੇ ਜੀਵਨ ਦੀ ਦਿਸ਼ਾ ਕਿ ਸਾਡਾ ਜੀਵਨ ਪਲ ਪ੍ਰਤੀ ਪਲ ਕਿਸ ਦਿਸ਼ਾ ਵੱਲ ਵਧ ਰਿਹਾ ਹੈ। ਅਸੀਂ ਆਪਣੇ ਜੀਵਨ ਦੀ ਪਹਿਚਾਣ ਕਰਦੇ ਹਾਂ ਇਸ ਤਨ ਤੋਂ। ਇਸ ਤਨ ਦੀ ਯਾਤਰਾ ਕਿਸ ਦਿਸ਼ਾ ਵੱਲ ਹੈ? ਇਹ ਸਾਹ ਰੂਪੀ ਕਦਮਾਂ ਦੁਆਰਾ ਇਹੋ ਜਿਹੇ ਰਾਹ 'ਤੇ ਚੱਲ ਰਿਹਾ ਹੈ ਜਿਸਦੀ ਮੰਜਿਲ ਮੌਤ ਹੈ। ਜਿਸ ਪਲ ਸਾਡਾ ਜਨਮ ਹੋਇਆ ਉਸੇ ਹੀ ਪਲ ਸਾਡੀ reservation

MAGZTER

Clipped from - Akhand Gyan - Punjabi - June 2020
Read it digitally on the Magzter app

ਸ਼ਮਸ਼ਾਨ ਘਾਟ ਵਿੱਚ ਹੋ ਜਾਂਦੀ ਹੈ। ਅਸੀਂ return ticket ਨਾਲ ਹੀ ਲੈ ਕੇ ਆਏ ਹਾਂ ਅਤੇ ਇੱਕ ਦਿਨ ਜ਼ਿੰਦਗੀ ਮੌਤ ਦੇ ਗਲ ਲੱਗ ਕੇ ਦਮ ਤੋੜ ਜਾਵੇਗੀ। ਪਰ ਕੀ ਇਹੀ ਜ਼ਿੰਦਗੀ ਦੀ ਮੰਜਿਲ ਹੈ? ਨਹੀਂ ਜ਼ਿੰਦਗੀ ਰੂਪੀ ਇਸ ਪ੍ਰਸ਼ਨ ਦਾ ਉੱਤਰ ਮੌਤ ਨਹੀਂ ਬਲਕਿ ਜੀਵਨ ਅਤੇ ਮੌਤ ਦੇ ਵਿੱਚ ਜੋ ਸਮਾਂ ਹੈ ਉਸ ਵਿੱਚ ਛੁਪਿਆ ਹੋਇਆ ਹੈ ਜੋ ਅਸੀਂ ਜੀਵਨ ਦੇ ਰਹਿੰਦਿਆ ਖੋਜਣਾ ਹੈ। ਸਿਧਾਰਥ (ਮਹਾਤਮਾ ਬੁੱਧ) ਨੂੰ ਜੀਵਨ ਦੀ ਨਸ਼ਵਰਤਾ ਦਾ ਅਹਿਸਾਸ ਹੋਇਆ ਤਾਂ ਉਸਨੇ ਜੀਵਨ ਦੀ ਸਾਰਥਕਤਾ ਨੂੰ ਜਾਣ ਕੇ ਹੀ ਦਮ ਲਿਆ। ਪਰ ਅਸੀਂ ਜੇ ਕਦੇ ਮੌਤ ਦੇ ਤਾਂਡਵ ਨੂੰ ਦੇਖ ਕੇ ਉਦਾਸੀਨ ਹੁੰਦੇ ਹਾਂ ਤਾਂ ਸਾਡਾ ਵੈਰਾਗ 'ਸ਼ਮਸ਼ਾਨ ਵੈਰਾਗ' ਹੁੰਦਾ ਹੈ ਜੋ ਕੇਵਲ ਸ਼ਮਸ਼ਾਨ ਘਾਟ ਤੱਕ ਹੀ ਸੀਮਿਤ ਰਹਿੰਦਾ ਹੈ। ਬਾਹਰ ਆਉਂਦਿਆਂ ਹੀ ਭੌਤਿਕਤਾ ਦੀ ਚਕਾਚੌਂਧ ਵਿੱਚ ਮਨ ਚੁੰਧਿਆ ਜਾਂਦਾ ਹੈ।

ਅਸੀਂ ਤਨ ਦੇ ਮੌਤ ਵੱਲ ਵਧਦੇ ਕਦਮਾਂ ਨੂੰ ਚਾਹੁੰਦੇ ਹੋਏ ਵੀ ਰੋਕ ਨਹੀਂ ਸਕਦੇ ਪਰ ਇਸ ਤਨ ਦੀ ਯਾਤਰਾ ਨੂੰ ਸਾਰਥਕ ਜਰੂਰ ਕਰ ਸਕਦੇ ਹਾਂ ਜੇਕਰ ਅਸੀਂ ਮਨ ਦੀ ਦਿਸ਼ਾ ਵੱਲ ਧਿਆਨ ਦੇਈਏ। ਮਨ ਦੀ ਦਿਸ਼ਾ ਸਾਡੀ ਵਿਚਾਰ ਸ਼ੈਲੀ ਨੂੰ ਉਲੀਕਦੀ ਹੈ ਅਤੇ ਸਾਡੇ ਕਰਮਾਂ ਨੂੰ ਨਿਰਧਾਰਿਤ ਕਰਦੀ ਹੈ। ਮਨੁੱਖੀ ਮਨ ਆਪਣੇ ਆਪ ਵਿੱਚ ਅਧੂਰਾ ਅਤੇ ਅਸੰਤੁਸ਼ਟ ਮਹਿਸੂਸ ਕਰਦਾ ਹੈ ਅਤੇ ਉਹ ਇਸ ਅਧੂਰੇਪਣ ਨੂੰ ਦੂਰ ਕਰਨ ਲਈ ਬਾਹਰ ਦੀ ਦਿਸ਼ਾ ਵੱਲ ਭਟਕਦਾ ਹੈ, ਕੁਝ ਤਲਾਸ਼ ਕਰਦਾ ਹੈ। ਵਿਗਿਆਨ ਦਾ ਨਿਯਮ ਹੈ Any unstable species reacts in some particular directions to attain stability. ਬਾਹਰ ਦੀ ਦਿਸ਼ਾ ਵੱਲ ਆਉਣ ਲਈ ਮਨ ਨੂੰ ਮਨੁੱਖੀ ਤਨ ਦੀਆਂ ਇੰਦਰੀਆਂ ਦੇ ਰੂਪ ਵਿੱਚ ਦਰਵਾਜੇ ਮਿਲਦੇ ਹਨ ਜਿੰਨ੍ਹਾਂ ਦੁਆਰਾ ਉਹ ਸੁੱਖ ਅਤੇ ਖੁਸ਼ੀ ਦਾ ਦਾਅਵਾ ਕਰਨ ਵਾਲੇ ਬਹੁਤ ਸਾਰੇ ਸੰਸਾਧਨਾਂ ਨੂੰ ਇਕੱਤਰ ਕਰ ਲੈਂਦਾ ਹੈ।

ਜੀਵਨ ਇੱਕ ਕੈਨਵਸ ਦੀ ਨਿਆਈਂ ਹੈ ਜਿਸ ਉੱਪਰ ਅਸੀਂ ਆਪਣੇ ਕਰਮਾਂ ਦੁਆਰਾ ਕੁਝ ਉਕੇਰਦੇ ਹਾਂ। ਇਸਦੀ ਵਿਲੱਖਣਤਾ ਇਹ ਹੈ ਕਿ ਜੋ ਇਸ ਉੱਪਰ ਇੱਕ ਵਾਰ ਉਕੇਰ ਦਿੱਤਾ ਜਾਵੇ ਉਹ ਕਦੇ ਮਿਟ ਨਹੀਂ ਸਕਦਾ।

ਪਰੰਤੂ ਮਨੁੱਖੀ ਮਨ ਦੀ ਇਸ ਕੋਸ਼ਿਸ਼ ਦੀ ਅਸਫਲਤਾ ਬਹੁਤ ਸਾਲ ਪਹਿਲਾਂ ਕੁਰੂਕਸ਼ੇਤਰ ਦੇ ਮੈਦਾਨ ਵਿੱਚ ਕਰ ਦਿੱਤੀ ਗਈ। **नास्ति बुद्धिरयुक्तस्य न चायुक्तस्य भावना। न चाभावयतः शान्तिरशान्तस्य कुतः सुखम्॥२/६६॥** ਭਗਵਾਨ ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਹੇ ਅਰਜੁਨ ਜੋ ਆਪਣੇ ਮਨ ਅਤੇ ਇੰਦਰੀਆਂ ਨੂੰ ਜਿੱਤ ਨਹੀਂ ਪਾਉਂਦਾ ਭਾਵ ਕਿ ਜਿਸਦਾ ਮਨ ਇੰਦਰੀਆਂ ਦੁਆਰਾ ਬਾਹਰ ਭਟਕਦਾ ਰਹਿੰਦਾ ਹੈ ਉਸ ਵਿਅਕਤੀ ਵਿੱਚ ਵਿਵੇਕ ਨਹੀਂ ਹੁੰਦਾ ਅਤੇ ਨਾ ਹੀ ਉਸਦੇ ਚਿੱਤ ਵਿੱਚ ਭਾਵਨਾ ਦਾ ਵਾਸ ਹੁੰਦਾ ਹੈ। ਭਾਵਨਾ ਹੀਨ ਮਨੁੱਖ ਨੂੰ ਸ਼ਾਂਤੀ ਨਹੀਂ ਮਿਲਦੀ ਅਤੇ ਸ਼ਾਂਤੀ ਰਹਿਤ ਮਨੁੱਖ ਨੂੰ ਸੁੱਖ ਕਿਸ ਤਰ੍ਹਾਂ ਮਿਲ ਸਕਦਾ ਹੈ? ਗੁਰੂ ਸਹਿਬਾਨ ਵੀ ਕਹਿੰਦੇ ਹਨ–

ਸੁਖੁ ਨਾਹੀ ਬਹੁਤੈ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ॥ ਸੁਖੁ ਨਾਹੀ ਬਹੁ ਦੇਸ ਕਮਾਏ॥ ਸਰਬ ਸੁਖਾ ਹਰਿ ਹਰਿ ਗੁਣ ਗਾਏ॥੧॥ (ਮਹਲਾ 5/1147)

ਤੁਲਸੀ ਦਾਸ ਜੀ ਸ੍ਰੀ ਰਾਮਚਰਿਤ ਮਾਨਸ ਵਿੱਚ ਕਹਿੰਦੇ ਹਨ– **कमठ पीठ जामहिं बरु बारा। बंध्या सुत बरु काहुहि मारा। फूलहिं नभ बरु बहुबिधि फूला। जीव न लह सुख हरि प्रतिकूला॥** ਹੋ ਸਕਦਾ ਹੈ ਕਿ ਕੱਛੂ ਕੁੰਮੇ ਦੀ ਪਿੱਠ 'ਤੇ ਵਾਲ ਉੱਗ ਆਉਣ, ਬਾਂਝ ਜੋ ਸੰਤਾਨ ਨੂੰ ਜਨਮ ਨਹੀਂ ਦੇ ਸਕਦੀ ਅਤੇ ਇਹ ਕਿਹਾ ਜਾਵੇ ਕਿ ਉਸਦੇ ਪੁੱਤਰ ਨੇ ਕਿਸੇ ਨੂੰ ਮਾਰ ਦਿੱਤਾ ਹੈ, ਆਕਾਸ਼ ਵਿੱਚ ਕਈ ਤਰ੍ਹਾਂ ਦੇ ਫੁੱਲ ਖਿੜ ਜਾਣ ਪਰ ਉਸ ਪ੍ਰਭੂ ਤੋਂ ਬੇਮੁੱਖ ਹੋ ਕੇ ਕਦੇ ਕਿਸੇ ਨੂੰ ਸੁੱਖ ਨਹੀਂ ਮਿਲਿਆ। ਪਰ ਮਨੁੱਖੀ ਮਨ ਫਿਰ ਵੀ ਇਸੇ ਅਸਫਲ ਕੋਸ਼ਿਸ਼ ਵਿੱਚ ਲੱਗਿਆ ਰਹਿੰਦਾ ਹੈ ਕਿ ਦੂਜਿਆਂ ਨੂੰ ਤਾਂ ਨਹੀਂ ਮਿਲਿਆ ਪਰ ਸ਼ਾਇਦ ਮੈਨੂੰ ਮਿਲ ਜਾਏ।

ਬਹੁਤ ਸਾਰੀਆਂ ਉਦਾਹਰਣਾਂ ਆਪਣੀ ਇਸ ਅਸਫਲਤਾ ਨੂੰ ਬਿਆਨ ਕਰਦੀਆਂ ਹਨ। ਇਤਿਹਾਸ ਦੀ ਸਭ ਤੋਂ ਵੱਡੀ ਉਦਾਹਰਣ ਮਹਾਨ ਸਿਕੰਦਰ ਦੀ ਹੈ। ਭੌਤਿਕਤਾ ਦੀ ਦਿਸ਼ਾ ਵੱਲ ਉਹ ਸਾਰੀ ਉਮਰ ਵਧਦਾ ਰਿਹਾ। ਅੰਤ ਜਦੋਂ ਉਸ ਨੂੰ ਸਾਰੀ ਉਮਰ ਦੇ ਯਤਨਾਂ ਦੀ ਅਸਫਲਤਾ ਦਾ ਅਹਿਸਾਸ ਹੋਇਆ ਕਿ ਇਹ ਮੈਨੂੰ ਮੌਤ ਤੋਂ ਬਚਾ ਨਹੀਂ ਸਕਦੇ ਤਾਂ ਉਸਨੇ ਆਪਣੀਆਂ ਆਖਰੀ ਤਿੰਨ ਇੱਛਾਵਾਂ ਦੀ ਘੋਸ਼ਣਾ ਕੀਤੀ ਕਿ ਮੇਰਾ ਜਨਾਜ਼ਾ ਇਹ ਵੈਦ ਹਕੀਮ ਉਠਾਉਣਗੇ ਜੋ ਕਿ ਆਪਣੇ ਆਪ ਵਿੱਚ ਬਹੁਤ ਨਿਪੁੰਨ ਹਨ ਤਾਂ ਕਿ ਸਭ ਨੂੰ ਪਤਾ ਲਗ ਸਕੇ ਕਿ ਸਾਧਨਾਂ ਦੀ ਬਹੁਤਾਤ ਅਤੇ ਨਿਪੁੰਨਤਾ ਵੀ ਅੰਤ ਸਮੇਂ ਕਿਸੇ ਨੂੰ ਬਚਾ ਨਹੀਂ ਸਕਦੀ। ਦੂਸਰੀ ਇੱਛਾ ਇਹ ਰੱਖੀ ਕਿ ਜਿਸ ਰਾਹ ਤੋਂ ਮੇਰੀ ਅਰਥੀ ਜਾਵੇ ਉਸ ਉੱਤੇ ਮੇਰੇ ਖਜਾਨੇ ਦੇ ਸਾਰੇ ਅਨਮੋਲ ਰਤਨ, ਹੀਰੇ ਜਵਾਹਰਾਤ ਬਿਖੇਰ ਦਿੱਤੇ ਜਾਣ ਤਾਂ ਕਿ ਲੋਕ ਦੇਖ ਲੈਣ ਕਿ ਮੈਂ ਸਭ ਕੁਝ ਇੱਥੇ ਹੀ ਛੱਡ ਕੇ ਜਾ ਰਿਹਾ ਹਾਂ ਅਤੇ ਤੀਜੀ ਇੱਛਾ ਇਹ ਕਿ ਮੇਰੇ ਸੱਖਣੇ ਹੱਥ ਕਫਨ ਤੋਂ ਬਾਹਰ ਰੱਖੇ ਜਾਣ। ਜਿਸ ਦਿਸ਼ਾ ਵਿੱਚ ਸਿਕੰਦਰ ਦੌੜਦਾ ਰਿਹਾ ਉਸਦਾ ਅੰਤ ਕੀ ਸੀ? ਅਸ਼ਾਂਤੀ, ਹਾਰ, ਇਕਲਾਪਾ ਅਤੇ ਅਪੂਰਨਤਾ। ਇਹ ਤਾਂ ਇਤਿਹਾਸ ਦੀ ਇੱਕ ਵਿਅਕਤੀਗਤ ਉਦਾਹਰਣ ਹੈ। ਪਰ ਅੱਜ ਵੀ ਇਹੋ ਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ।

MAGZTER
MAGZTER
Clipped from - Akhand Gyan - Punjabi - June 2020
Read it digitally on the Magzter app

ਵਿਕਸਿਤ ਦੇਸ਼ ਜਾਪਾਨ ਜਿਸਦੇ ਕੋਲ ਉੱਚ ਤਕਨੀਕ ਮੌਜੂਦ ਸੀ ਪਰ ਜਦੋਂ ਵਿਸ਼ਵ ਯੁੱਧ ਵੇਲੇ ਵਿਨਾਸ਼ ਦਾ ਸਮਾਂ ਆਇਆ ਤਾਂ ਉਸਦੀ ਕੋਈ ਵੀ ਤਕਨੀਕ ਕੰਮ ਨਹੀਂ ਆਈ। ਅਸੀਂ ਭੌਤਿਕ ਵਿਕਾਸ ਦੇ ਵਿਰੋਧੀ ਨਹੀਂ ਹਾਂ ਪਰੰਤੂ ਇਸ ਵਿਕਾਸ ਰੂਪੀ ਸਿਫਰ (Zero) ਨੂੰ ਉਸ ਇੱਕ ਵੱਲ ਰੁਖ ਕਰਨ ਦੀ ਜਰੂਰਤ ਹੈ। ਉਸ ਇੱਕ ਨੂੰ ਜਾਣ ਕੇ ਅਤੇ ਉਸਦੇ ਪਿੱਛੇ ਲੱਗ ਕੇ ਹੀ ਇਸਦਾ ਮੁੱਲ ਅਤੇ ਸਾਰਥਕਤਾ ਹੈ।

ਰਾਮ ਨਾਮ ਏਕ ਅੰਕ ਹੈ
ਸਬ ਸਾਧਨ ਹੈਂ ਸ਼ੂਨ,
ਅੰਕ ਗਏ ਕੁਛ ਹਾਥ ਨਹੀਂ,
ਅੰਕ ਮਿਲੇ ਦਸ ਗੂਣ।

ਪਰ ਮਨੁੱਖ ਦੇ ਲਈ ਤਾਂ ਸੰਸਾਰ ਹੀ ਸਹਿਜ ਹੈ। ਸੰਸਾਰ ਹੀ ਉਸਦੀ ਕਰਮ ਭੂਮੀ ਹੈ। ਜਦੋਂ ਵਿਅਕਤੀ ਦੇ ਜੀਵਨ ਦੀ ਸ਼ੁਰੂਆਤ ਹੁੰਦੀ ਹੈ ਤਾਂ ਉਸਦੇ ਸਾਹਮਣੇ ਸੰਸਾਰ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੁੰਦਾ। ਜੀਵਨ ਰੂਪੀ ਪੌਦੇ ਨੂੰ ਸ਼ੁਰੂ ਤੋਂ ਹੀ ਸੰਸਾਰਿਕਤਾ ਦੀ ਖਾਦ ਮਿਲਦੀ ਹੈ। ਸੰਸਾਰ ਦਾ ਆਕਰਸ਼ਣ ਅਤੇ ਭੌਤਿਕਤਾ ਦੀ ਪਿਆਸ ਉਸ ਵਿੱਚ ਖੁਦ-ਬ-ਖੁਦ ਹੀ ਜਾਗ੍ਰਿਤ ਹੋ ਜਾਂਦੀ ਹੈ ਉਸਦੇ ਲਈ ਬਾਹਰ ਤੋਂ ਕੋਈ ਯਤਨ ਨਹੀਂ ਕਰਨੇ ਪੈਂਦੇ। ਇੱਕ ਬੱਚੇ ਵਿੱਚ ਕ੍ਰੋਧ, ਲਾਲਚ, ਛੋਟੀਆਂ-ਛੋਟੀਆਂ ਗੱਲਾਂ 'ਤੇ ਹੰਕਾਰ ਇਹ ਸਭ ਚੀਜਾਂ ਦੇਖ ਕੇ ਹੈਰਾਨੀ ਹੁੰਦੀ ਹੈ। ਉਸ ਨੂੰ ਇਹ ਸਭ ਸਿਖਾਉਣ ਦੇ ਲਈ ਕੋਈ ਅਲਹਿਦਾ ਯਤਨ ਨਹੀਂ ਕਰਨੇ ਪੈਂਦੇ। ਇਹਨਾਂ ਨੂੰ ਵਿਗਿਆਨ ਦੀ ਭਾਸ਼ਾ ਵਿੱਚ Spontaneous process or feasible process ਕਿਹਾ ਜਾਂਦਾ ਹੈ ਜਿੰਨ੍ਹਾਂ ਨੂੰ ਕਰਨ ਲਈ ਕੋਈ ਯਤਨ ਨਹੀਂ ਕਰਨਾ ਪੈਂਦਾ। ਜਿਸ ਤਰ੍ਹਾਂ ਇੱਕ ਗਰਮ ਚਾਹ ਦੀ ਪਿਆਲੀ ਆਪਣੇ ਆਪ ਕੁਝ ਸਮੇਂ ਬਾਅਦ ਠੰਡੀ ਹੋ ਜਾਂਦੀ ਹੈ, ਉੱਚਾਈ ਤੋਂ ਪਾਣੀ ਆਪਣੇ ਆਪ ਨੀਚੇ ਡਿੱਗ ਜਾਂਦਾ ਹੈ ਆਦਿ। ਪਰ ਜੇ ਇਹਨਾਂ ਪ੍ਰਕਿਰਿਆਵਾਂ ਦੀ ਦਿਸ਼ਾ ਉਲਟ ਕਰਨੀ ਹੋਵੇ ਤਾਂ ਕੁਝ ਵਿਸ਼ੇਸ਼ ਕਰਮ ਕਰਨਾ ਪੈਂਦਾ ਹੈ। ਠੰਡੀ ਚਾਹ ਦੀ ਪਿਆਲੀ ਨੂੰ ਗਰਮ ਕਰਨ ਲਈ ਅਤੇ ਪਾਣੀ ਨੂੰ ਨੀਚੇ ਤੋਂ ਉੱਪਰ ਉਠਾਉਣ ਲਈ ਕਿਸੇ ਵਿਧੀ ਦੁਆਰਾ ਊਰਜਾ ਦੇਣੀ ਪਏਗੀ ਕਿਉਂਕਿ ਵਿਗਿਆਨ ਕਹਿੰਦਾ ਹੈ ਕਿ ਜੋ Spontaneous process ਹੁੰਦਾ ਹੈ ਉਸ ਵਿੱਚ ਪ੍ਰਕਿਰਿਆ ਕਰਨ ਵਾਲੇ ਦੀ ਊਰਜਾ ਹਮੇਸ਼ਾ ਘੱਟ ਹੁੰਦੀ ਹੈ ਅਤੇ ਜੇਕਰ ਉਸਨੂੰ ਉਲਟ ਦਿਸ਼ਾ ਵਿੱਚ ਲੈ ਕੇ ਜਾਣਾ ਹੈ ਤਾਂ ਉਸਨੂੰ ਊਰਜਾ ਦੇਣੀ ਪਵੇਗੀ। ਮਨ ਵੀ ਸੰਸਾਰਿਕਤਾ ਵੱਲ ਦੌੜ ਕੇ ਆਪਣੀ ਊਰਜਾ ਦਾ ਵਿਨਾਸ਼ ਕਰ ਰਿਹਾ ਹੈ ਅਤੇ ਇਸਦੀ ਦਿਸ਼ਾ ਨੂੰ ਉਲਟ ਕਰਨ ਲਈ ਇੱਕ ਵਿਧੀ ਦੁਆਰਾ ਇਸ ਨੂੰ ਊਰਜਾ ਦੇਣੀ ਪਏਗੀ।

ਸਿਧਾਰਥ ਨੂੰ ਜੀਵਨ ਦੀ ਨਸ਼ਵਰਤਾ ਦਾ ਅਹਿਸਾਸ ਹੋਇਆ ਤਾਂ ਉਸਨੇ ਜੀਵਨ ਦੀ ਸਾਰਥਕਤਾ ਨੂੰ ਜਾਣ ਕੇ ਹੀ ਦਮ ਲਿਆ। ਪਰ ਅਸੀਂ ਜੇ ਕਦੇ ਮੌਤ ਦੇ ਤਾਂਡਵ ਨੂੰ ਦੇਖ ਕੇ ਉਦਾਸੀਨ ਹੁੰਦੇ ਹਾਂ ਤਾਂ ਸਾਡਾ ਵੈਰਾਗ 'ਸ਼ਮਸ਼ਾਨ ਵੈਰਾਗ' ਹੁੰਦਾ ਹੈ।

ਇਸਦੇ ਲਈ ਸਾਡੇ ਧਾਰਮਿਕ ਗ੍ਰੰਥ ਸਾਡੇ ਦਿਸ਼ਾ ਨਿਰਦੇਸ਼ਨ ਲਈ ਮੌਜੂਦ ਹਨ। ਜਿਸ ਪ੍ਰਕਾਰ ਸਾਡੇ ਦੇਸ਼ ਦੇ ਸੰਵਿਧਾਨ ਵਿੱਚ ਨਿਯਮਾਂ ਨੂੰ ਨਿਰਧਾਰਿਤ ਕਰਨ ਲਈ Directive principles ਦੇ ਰੂਪ ਵਿੱਚ ਦਿਸ਼ਾ ਨਿਰਦੇਸ਼ਨ ਦਿੱਤੇ ਗਏ ਹਨ ਉਸੇ ਪ੍ਰਕਾਰ ਸਾਡੇ ਜੀਵਨ ਦੇ ਨਿਯਮਾਂ ਅਤੇ ਦਿਸ਼ਾ ਨਿਰਦੇਸ਼ਨ ਲਈ ਧਾਰਮਿਕ ਗ੍ਰੰਥ ਜੀਵਨ ਦੇ ਸੰਵਿਧਾਨ ਦੇ ਰੂਪ ਵਿੱਚ ਮੌਜੂਦ ਹਨ। ਗੁਰੂ ਸਾਹਿਬਾਨ ਮਨ ਨੂੰ ਉਸ ਚਿਰ ਸਥਾਈ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੇ ਹਨ ਜਿਸ ਉੱਪਰ ਚੱਲ ਕੇ ਸੁੱਖਾਂ ਦੇ ਖਜਾਨੇ ਉਸ ਪ੍ਰਭੂ ਪ੍ਰੀਤਮ ਨਾਲ ਮਿਲਾਪ ਹੁੰਦਾ ਹੈ ਅਤੇ ਅਸੀਂ ਸੁਜਾਖੇ ਬਣ ਪਾਉਂਦੇ ਹਾਂ ਤਾਂ ਕਿ ਜੀਵਨ ਦੇ ਹਰ ਮੋੜ 'ਤੇ ਅਸੀਂ ਸਹੀ ਅਤੇ ਗਲਤ ਦਿਸ਼ਾ ਵਿੱਚੋਂ ਸਹੀ ਦਿਸ਼ਾ ਦੀ ਚੋਣ ਕਰਕੇ ਚੱਲਣ ਦੇ ਸਮਰੱਥ ਹੋ ਸਕੀਏ। ਉਸ ਪ੍ਰਭੂ ਨੂੰ ਮਿਲਣ ਦਾ ਮਾਰਗ ਕਿਸੇ ਪੂਰਨ ਸੰਤ ਦੀ ਸ਼ਰਨਾਗਤਿ ਹੋ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਜੋ ਕਿ ਸਾਨੂੰ ਭੁੱਲੇ ਹੋਏ ਮਾਰਗ ਤੋਂ ਫਿਰ ਤੋਂ ਜਾਣੂੰ ਕਰਵਾਉਂਦਾ ਹੈ। ਸਤਿਗੁਰੂ ਸਾਡੀ ਦਿਸ਼ਾ ਨੂੰ ਭੌਤਿਕਤਾ ਤੋਂ ਹਟਾ ਕੇ ਅੰਦਰ ਵੱਲ ਨੂੰ ਮੋੜ ਦਿੰਦਾ ਹੈ। ਸੋ ਜੀਵਨ ਦੀ ਸਾਰਥਕਤਾ ਉਸ ਪ੍ਰਭੂ ਵੱਲ ਆਪਣਾ ਮੁੱਖ ਕਰਨ ਵਿੱਚ ਹੈ ਤਾਂ ਕਿ ਅਸੀਂ ਹਮੇਸ਼ਾ ਸਹੀ ਦਿਸ਼ਾ ਵੱਲ ਆਪਣੇ ਕਦਮ ਵਧਾਈਏ ਅਤੇ ਕੁਝ ਵਿਲੱਖਣ ਕਰਨ ਦੇ ਜੋਸ਼ ਨਾਲ ਹੋਸ਼ ਨੂੰ ਨਾ ਗਵਾਈਏ।

ਆਓ ਕਰੀਏ ਇੱਕ ਮਹਾਨ ਯੋਗਦਾਨ !

ਧਿਆਨ ਸਾਧਨਾ ਅਤੇ ਦਿਵਯ ਸੁਪਨਿਆਂ ਦੌਰਾਨ ਹੋਣ ਵਾਲੇ ਅਲੌਕਿਕ ਅਨੁਭਵਾਂ ਦੁਆਰਾ ਪ੍ਰਾਪਤ ਹੋਣ ਵਾਲਾ ਗੁਰੂ ਮਹਾਰਾਜ ਜੀ ਦਾ ਮਾਰਗਦਰਸ਼ਨ ਉਹਨਾਂ ਦੇ ਹਰ ਸੇਵਕ ਲਈ ਮਹੱਤਵਪੂਰਨ ਹੈ। ਇਸ ਲਈ ਆਪ ਆਪਣੇ ਅਲੌਕਿਕ ਅਨੁਭਵਾਂ ਨੂੰ ਹੇਠ ਲਿਖੇ ਫੋਨ ਨੰਬਰ 'ਤੇ ਜਰੂਰ ਸਾਂਝਾ ਕਰੋ ਤਾਂ ਕਿ ਸੰਸਥਾਨ ਨਾਲ ਜੁੜੇ ਹੋਏ ਅਧਿਆਤਮ ਮਾਰਗ ਦੇ ਸਾਰੇ ਪਾਂਧੀ ਪ੍ਰੇਰਣਾ ਲੈ ਸਕਣ।

98703 - 14371
(ਸਵੇਰ 11 ਤੋਂ ਸ਼ਾਮ 7 ਵਜੇ ਤੱਕ)

MAGZTER

MAGZTER
Clipped from - Akhand Gyan - Punjabi - June 2020
Read it digitally on the Magzter app

ਕਦੇ ਸੁਣਦਾ ਹੈ ਅਤੇ ਕਦੇ ਨਹੀਂ ਸੁਣਦਾ

ਕਦੇ ਸੁਣਦਾ ਹੈ ਅਤੇ ਕਦੇ ਨਹੀਂ ਸੁਣਦਾ, ਕਿਸੇ ਦੀ ਸੁਣਦਾ ਹੈ ਅਤੇ ਕਿਸੇ ਦੀ ਨਹੀਂ ਸੁਣਦਾ...। ਇੱਕ ਸੇਵਕ ਨੂੰ ਅਜਿਹਾ ਲੱਗਦਾ ਹੈ ਕਿ ਕਦੇ ਤਾਂ ਗੁਰੂ ਮਹਾਰਾਜ ਜੀ ਬਹੁਤ ਨਜਦੀਕ ਤੋਂ ਉਸਦੀ ਹਰ ਗੱਲ ਸੁਣ ਰਹੇ ਹਨ। ਕੋਈ ਸੂਖਮ ਜਿਹੀ ਵੀ ਇੱਛਾ ਮਨ 'ਚ ਆਉਂਦੀ ਹੈ ਤਾਂ ਉਹ ਝੱਟ ਪੂਰੀ ਕਰ ਦਿੰਦੇ ਹਨ। ਕਦੇ ਉਸਨੂੰ ਲੱਗਦਾ ਹੈ ਕਿ ਉਹ ਗੁਰੂ ਮਹਾਰਾਜ ਜੀ ਅੱਗੇ ਤਰਲੇ ਹਾੜੇ ਕੱਢਦਾ ਹੈ, ਪ੍ਰਾਰਥਨਾਵਾਂ ਕਰਦਾ ਹੈ ਪਰ ਜਾਂ ਤਾਂ ਉਹ ਸੁਣਦੇ ਹੀ ਨਹੀਂ ਕਿਉਂਕਿ ਉਹ ਉਸਨੂੰ ਭੁੱਲ ਗਏ ਹਨ ਜਾਂ ਫਿਰ ਉਸਦੀ ਕਿਸੇ ਭੁੱਲ ਕਾਰਨ ਉਸਦਾ ਨਾਮ ਹੁਣ ਉਹਨਾਂ ਦੇ ਸੇਵਕਾਂ ਦੀ ਸੂਚੀ ਵਿੱਚ ਨਹੀਂ ਰਿਹਾ। ਜਾਂ ਫਿਰ ਅਜਿਹਾ ਹੈ ਕਿ ਸਭ ਕੁਝ ਸੁਣਨ ਦੇ ਬਾਵਜੂਦ ਵੀ ਉਹ ਉਸਦੀ ਪੁਕਾਰ ਲਈ ਕੋਈ ਪ੍ਰਤੀਕਿਰਿਆ ਨਹੀਂ ਦੇ ਰਹੇ ਕਿਉਂਕਿ ਉਹ ਮੋਨ ਹੋ ਗਏ ਹਨ ਜਾਂ ਮੋਨ ਰਹਿਣਾ ਚਾਹੁੰਦੇ ਹਨ।

ਕਦੇ-ਕਦੇ ਨਹੀਂ ਸੁਣਦਾ

ਪਹਿਲਾ ਵਿਚਾਰ ਕਿ ਗੁਰੂ ਮਹਾਰਾਜ ਜੀ ਕਦੇ ਤਾਂ ਸਾਡੀ ਪ੍ਰਾਰਥਨਾ ਝੱਟ ਸੁਣ ਲੈਂਦੇ ਹਨ ਅਤੇ ਕਦੇ ਦੇਰ ਨਾਲ ਵੀ ਨਹੀਂ ਸੁਣਦੇ। ਇਸ ਦੁਬਿਧਾ ਦੇ ਹੱਲ ਲਈ ਅਸੀਂ ਆਪਣੀਆਂ ਯਾਦਾਂ ਦੇ ਉਹ ਸੁਨਹਿਰੇ ਪੰਨੇ ਫਰੋਲੀਏ ਜਦੋਂ ਅਸੀਂ ਸਭ ਇੱਕ ਬਹੁਤ ਵਿਸ਼ਾਲ ਪੰਡਾਲ 'ਚ ਬਹੁ-ਗਿਣਤੀ ਵਿੱਚ ਆਈ ਸੰਗਤ ਦੇ ਸਮੂਹ ਵਿੱਚ ਬੈਠੇ ਸੀ, ਸਾਡੇ ਨੇਤਰ ਅਲੌਕਿਕ ਦਿੱਖ ਦੇ ਸਰਤਾਜ ਸਾਡੇ ਗੁਰੂ ਮਹਾਰਾਜ ਜੀ ਦੇ ਅਲੌਕਿਕ ਦਰਸ਼ਨਾਂ ਨੂੰ ਪੀ ਰਹੇ ਸਨ ਅਤੇ ਸਾਡੇ ਕੰਨ ਉਹਨਾਂ ਦੇ ਪ੍ਰਵਚਨਾਂ ਦੀ ਵਿਸ਼ਾਲਤਾ ਨੂੰ ਆਪਣੀ ਨਿਗੁਣੀ ਜਿਹੀ ਸਮਰੱਥਾ ਦੁਆਰਾ ਸਮੇਟਣ ਦੀ ਕੋਸ਼ਿਸ਼ ਕਰ ਰਹੇ ਸਨ। ਜੀ ਹਾਂ! ਇਹ ਸਬੱਬ ਸੀ **'ਦਿਵਯ ਸ਼ਾਂਤੀ ਮਹਾਂਉਤਸਵ- 2012'** ਦਾ। ਅਲੌਕਿਕ ਤਰੰਗਾਂ ਦੇ ਪੁੰਜ ਨੇ ਸਾਨੂੰ ਆਪਣੇ ਵਿੱਚ ਜਜ਼ਬ ਕੀਤਾ ਹੋਇਆ ਸੀ। ਇੰਝ ਪ੍ਰਤੀਤ ਹੋ ਰਿਹਾ ਸੀ ਕਿ ਗੁਰੂ ਮਹਾਰਾਜ ਜੀ ਦੇ ਵਿਸ਼ਾਲ ਹਿਰਦੇ ਵਿੱਚ ਸਮਾਈ ਮਮਤਾ ਸਭ ਦੇ ਹਿਰਦਿਆਂ ਦੀਆਂ ਤਾਰਾਂ ਨੂੰ ਤਰੰਗਿਤ ਕਰਨ ਲਈ ਅੱਜ ਗੁਰੂ ਮਹਾਰਾਜ ਜੀ ਦੇ ਹਰ ਇੱਕ ਬੋਲ ਵਿੱਚ ਕੇਵਲ ਸਮਾਈ ਨਾ ਰਹਿ ਕੇ ਜਿਵੇਂ ਸਾਕਾਰ ਹੋ ਆਪਣੇ ਹਰ ਸੇਵਕ ਨੂੰ ਆਪਣਾ ਦੁਲਾਰ ਦੇਣ ਲਈ ਤੱਤਪਰ ਹੋਵੇ। ਇਸੇ ਕ੍ਰਮ ਤਹਿਤ ਕੇਵਲ ਗੁਰੂ ਮਹਾਰਾਜ ਜੀ ਦੇ ਬੋਲਾਂ ਨੇ ਹੀ ਨਹੀਂ ਬਲਕਿ ਰਹਿਮਤ ਨਾਲ ਭਰੇ ਨੇਤਰਾਂ ਨੇ ਵੀ ਇਸ ਸਨਾਤਨ ਭੇਦ ਨੂੰ ਪ੍ਰਗਟਾਇਆ- **ਮੈਂ ਭਾਵ ਸੇ, ਵਿਚਾਰ ਸੇ, ਆਤਮਾ ਸੇ ਸਦੈਵ ਆਪ ਸਬ ਕੇ ਸਾਥ ਹੂੰ।** ਇਹ ਕੇਵਲ ਇੱਕ ਵਾਕ ਨਹੀਂ ਹੈ ਬਲਕਿ ਇੱਕ ਸੇਵਕ ਦੇ ਜੀਵਨ ਦਾ ਅਧਾਰ ਅਤੇ ਸਾਰ

MAGZTER
Clipped from - Akhand Gyan - Punjabi - June 2020
Read it digitally on the Magzter app

ਹੈ। ਉਸਦਾ ਆਦਿ, ਮੱਧ ਅਤੇ ਅੰਤ ਹੈ ਕਿਉਂਕਿ ਇਹ ਬੋਲ ਕੇਵਲ ਬੋਲ ਨਾ ਹੋ ਕੇ ਇੱਕ ਵਚਨ ਹੈ, ਵਾਅਦਾ ਹੈ ਅਤੇ ਇਹ ਵਾਅਦਾ ਕਰਨ ਵਾਲੀ ਕੋਈ ਆਮ ਸ਼ਖਸੀਅਤ ਨਹੀਂ ਹੈ। ਉਹ ਸਤਿਗੁਰੂ ਜਿਸ ਦਾ ਸਹਿਜ ਸੁਭਾਇ ਕਿਹਾ ਹੋਇਆ ਇੱਕ ਸ਼ਬਦ ਵੀ ਕਿਸੇ ਭੇਦ, ਕਾਰਨ ਅਤੇ ਨਤੀਜੇ ਤੋਂ ਵਾਂਝਾ ਨਹੀਂ ਹੁੰਦਾ। ਉਹ ਸਤਿਗੁਰੂ ਜਿਸ ਦੇ ਪਾਵਨ ਮੁੱਖ 'ਚੋਂ ਵਚਨ ਉਚਾਰਣ ਹੋਣ ਤੋਂ ਪਹਿਲਾਂ ਹੀ ਲੌਕਿਕ ਜਾਂ ਪਾਰਲੌਕਿਕ ਧਰਾਤਲ 'ਤੇ ਅਕਾਰ ਲੈ ਚੁੱਕੇ ਹੁੰਦੇ ਹਨ ਅਤੇ ਉਸਦੇ ਵਚਨਾਂ ਨੂੰ ਸੂਖਮ ਰੂਪ ਵਿੱਚ ਵੀ ਨਕਾਰਨ ਦੀ ਭਾਵਨਾ ਆਉਣਾ ਕਿਸੇ ਅਪਰਾਧ ਤੋਂ ਘੱਟ ਨਹੀਂ। ਇਸ ਲਈ ਸਾਨੂੰ ਭੁੱਲਾਂ ਕਰਨ ਵਾਲਿਆਂ ਦੀ ਹੋਂਦ ਨੂੰ ਸਾਰੀ ਸ੍ਰਿਸ਼ਟੀ ਨਕਾਰ ਕੇ ਭੁੱਲ ਸਕਦੀ ਹੈ ਪਰ ਉਹ ਅਭੁੱਲ ਹੈ। ਨਾ ਤਾਂ ਉਸ ਤੋਂ ਕਦੇ ਕੋਈ ਭੁੱਲ ਹੁੰਦੀ ਹੈ ਅਤੇ ਨਾ ਹੀ ਉਹ ਕਦੇ ਕਿਸੇ ਨੂੰ ਵੀ ਭੁੱਲਦਾ ਹੈ ਕਿਉਂਕਿ ਉਸ ਤੋਂ ਕਦੇ ਕਿਸੇ ਦਾ ਓਹਲਾ ਹੋ ਹੀ ਨਹੀਂ ਸਕਦਾ। ਉਹ ਸਾਨੂੰ ਸਾਡੇ ਨੇਤਰਾਂ ਦੀ ਦ੍ਰਿਸ਼ਟੀ ਤੋਂ ਜਾਂ ਸਾਡੇ ਹਿਰਦੇ ਦੀਆਂ ਧੜਕਨਾਂ ਤੋਂ ਓਹਲੇ ਪ੍ਰਤੀਤ ਹੋ ਸਕਦਾ ਹੈ ਪਰ ਅਸੀਂ ਉਸ ਤੋਂ ਚਾਹ ਕੇ ਵੀ ਇੱਕ ਪਲ ਦੇ ਲਈ ਵੀ ਓਹਲੇ ਨਹੀਂ ਹੋ ਸਕਦੇ। ਅਸੀਂ ਜਿਸ ਓਹਲੇ ਦੀ ਆੜ ਵਿੱਚ ਕੁਝ ਵੀ ਮਾੜਾ ਸੋਚਦੇ ਜਾਂ ਕਰਦੇ ਹਾਂ ਉਸਦੀ ਪਾਰਦਰਸ਼ੀ ਦ੍ਰਿਸ਼ਟੀ ਉਸ ਓਹਲੇ ਨੂੰ ਵੀ ਚੀਰ ਦਿੰਦੀ ਹੈ। ਇਸ ਲਈ ਚਾਹੇ ਉਹ ਗੁਰੂ ਮਹਾਰਾਜ ਜੀ ਦੇ ਸਮਾਧੀ ਕਾਲ ਤੋਂ ਪਹਿਲਾਂ ਦਾ ਸਮਾਂ ਸੀ ਜਾਂ ਉਸ ਦੌਰਾਨ ਦਾ ਸਮਾਂ ਹੈ ਜਾਂ ਉਸ ਤੋਂ ਬਾਅਦ ਦਾ ਸਮਾਂ ਹੋਵੇਗਾ, ਗੁਰੂ ਮਹਾਰਾਜ ਜੀ ਸਾਡੇ ਸਭ ਤੋਂ ਇੱਕ ਪਲ ਲਈ ਵੀ ਦੂਰ ਨਹੀਂ ਹਨ।



ਇਸ ਸਮਾਧੀ ਕਾਲ ਦੌਰਾਨ ਗੁਰੂ ਮਹਾਰਾਜ ਜੀ ਦੀ ਇੱਕ ਸੇਵਿਕਾ ਦੇ ਮਨ ਵਿੱਚ ਇਹ ਵਿਚਾਰ ਵਾਰ-ਵਾਰ ਆ ਰਹੇ ਸਨ ਕਿ ਗੁਰੂ ਮਹਾਰਾਜ ਜੀ, ਇਹ ਸਾਨੂੰ ਪਤਾ ਹੀ ਹੈ ਕਿ ਤੁਸੀਂ ਸਮਾਧੀ ਦੀ ਅਵਸਥਾ 'ਚੋਂ ਬਾਹਰ ਆਉਣਾ ਹੀ ਆਉਣਾ ਹੈ ਪਰ ਹੁਣ ਬਹੁਤ ਹੋ ਗਿਆ। ਹੁਣ ਤੁਸੀਂ ਜਲਦ ਹੀ ਸਮਾਧੀ ਅਵਸਥਾ ਦਾ ਤਿਆਗ ਕਰ ਦਿਓ ਕਿਉਂਕਿ ਹੁਣ ਮੈਨੂੰ ਤੁਸੀਂ ਆਪਣੇ ਆਪ ਤੋਂ ਬਹੁਤ ਦੂਰ ਲੱਗਣ ਲੱਗ ਪਏ ਹੋ। ਇਹਨਾਂ ਭਾਵਾਂ ਨੂੰ ਲੈ ਕੇ ਉਹ ਗੁਰੂ ਭੈਣ ਸਾਧਨਾ ਵਿੱਚ ਬੈਠ ਗਈ। ਉਸਦੀਆਂ ਭਾਵ ਤਰੰਗਾਂ ਦੀ ਖਿੱਚ ਨੇ ਗੁਰੂ ਮਹਾਰਾਜ ਜੀ ਨੂੰ ਉਸਦੇ ਅੰਦਰੂਨੀ ਜਗਤ ਵਿੱਚ ਪ੍ਰਗਟ ਹੋ ਕੇ ਉਸਨੂੰ ਦਰਸ਼ਨ ਦੇਣ ਲਈ ਬੁਲਾ ਲਿਆ। ਗੁਰੂ ਮਹਾਰਾਜ ਜੀ ਨੇ ਆਪਣੇ ਨਿਰਾਲੇ ਅੰਦਾਜ ਵਿੱਚ ਉਸਦੀ ਜਗਿਆਸਾ ਨੂੰ ਸ਼ਾਂਤ ਕਰਨ ਲਈ ਕੁਝ ਸਤਰਾਂ ਦਾ ਉਚਾਰਣ ਕੀਤਾ ਪਰ ਉਸ ਤੋਂ ਪਹਿਲਾਂ ਗੁਰੂ ਮਹਾਰਾਜ ਜੀ ਨੇ ਉਸਦੇ ਹੀ ਭਾਵਾਂ ਨੂੰ ਸ਼ਬਦ ਦਿੰਦੇ ਹੋਏ ਕਿਹਾ- **महाराज जी आप मन क्या मेरे प्राण लीजिए, बस एक बार समाधि से वापिस आने की ठान लीजिए।** ਉਹ ਭੈਣ ਆਪਣੇ ਹੀ ਭਾਵਾਂ ਨੂੰ ਮਹਾਰਾਜ ਜੀ ਦੇ ਮੁੱਖ ਤੋਂ ਸੁਣ ਕੇ ਹੈਰਾਨ ਵੀ ਹੋ ਰਹੀ ਸੀ ਅਤੇ ਭਾਵਾਂ ਨਾਲ ਓਤਪ੍ਰੋਤ ਵੀ। ਗੁਰੂ ਮਹਾਰਾਜ ਜੀ ਨੇ ਆਪਣੀ ਗੱਲ ਨੂੰ ਜਾਰੀ ਰੱਖਦੇ ਹੋਏ ਹੁਣ ਉਸਨੂੰ ਉੱਤਰ ਦੇ ਰੂਪ ਵਿੱਚ ਕੁਝ ਸਤਰਾਂ ਕਹੀਆਂ ਜੋ ਸਾਡੇ ਸਭ ਲਈ ਹਨ-

जी हमारे कहे हुए वचनों
पर अपना ध्यान दीजिए,
मानव जीवन के विशेष उद्देश्य
और लक्ष्य को पहचान लीजिए,
साधना और सुमिरन को अपने जीवन में धार लीजिए,
अपने प्यारे पूर्ण गुरु के दिए
विशेष उपहार का अपने
जीवन में इस्तेमाल कीजिए,
मैं तुम्हारे ही अंतःकरण में
छिपकर बैठा हूँ,
बस एक बार अपने ही
अंतःकरण में मुझे निहार लीजिए,
फिर अपने पूर्ण गुरु का
अपने पास न होने का तुम,
समस्त शिष्य मिलकर
'आशुतोष' को प्रमाण दीजिए,
हर पल और हर क्षण अपने
पूर्ण गुरु के सान्निध्य को
सहज ही स्वीकार कीजिए।

MAGZTER
Clipped from - Akhand Gyan - Punjabi - June 2020
Read it digitally on the Magzter app

ਕਦੇ-ਕਦੇ ਸੁਣ ਕੇ ਵੀ ਮੌਨ ਰਹਿੰਦਾ ਹੈ

ਦੂਸਰਾ ਵਿਚਾਰ ਕਿ ਗੁਰੂ ਮਹਾਰਾਜ ਜੀ ਸਭ ਕੁਝ ਸੁਣਨ ਦੇ ਬਾਵਜੂਦ ਵੀ ਸਾਡੀ ਪੁਕਾਰ ਲਈ ਕੋਈ ਪ੍ਰਤੀਕਿਰਿਆ ਨਹੀਂ ਦੇ ਰਹੇ। ਇਸ ਪ੍ਰਸ਼ਨ ਦਾ ਉੱਤਰ ਵੀ ਸਾਨੂੰ ਸਭ ਨੂੰ ਗੁਰੂ ਮਹਾਰਾਜ ਜੀ ਨੇ ਸਮੂਹਿਕ ਰੂਪ ਵਿੱਚ ਇਸੇ ਕਾਰਜਕ੍ਰਮ ਵਿੱਚ ਦੇ ਦਿੱਤਾ ਸੀ। ਜਦੋਂ ਸਾਡੇ ਸਭ ਦੀਆਂ ਖੁਸ਼ੀਆਂ ਦਾ ਸਰਤਾਜ ਸਾਡੇ ਸਾਹਮਣੇ ਮੌਜੂਦ ਸੀ, ਉਹਨਾਂ ਖੇੜਿਆਂ ਦੇ ਪਲਾਂ ਵਿੱਚ ਗੁਰੂ ਮਹਾਰਾਜ ਜੀ ਨੇ ਕਾਰਜਕ੍ਰਮ ਦੇ ਚੱਲਦੇ ਕ੍ਰਮ ਨੂੰ ਅਚਾਨਕ ਰੋਕਦੇ ਹੋਏ ਇੱਕ ਭਜਨ ਦਾ ਗਾਇਨ ਕਰਨ ਲਈ ਕਿਹਾ ਜਿਸ ਦੇ ਬੋਲ ਸਾਡੇ ਸਭ ਦੀਆਂ ਹਮੇਸ਼ਾ ਦੀਆਂ ਪੁਕਾਰਾਂ ਲਈ ਗੁਰੂ ਮਹਾਰਾਜ ਜੀ ਦੀ ਪ੍ਰਤੀਕਿਰਿਆ ਦੇ ਰੂਪ ਵਿੱਚ ਹਨ–

यूँ न तुम मायूस हो कदमों में जहां रख दूँगा,
मुश्किलों में मैं तेरी बन ढाल संग चलूँगा।
भरो ऊँची उड़ानें सफलता के आसमां में,
तभी पाओगे अपना लक्ष्य तुम हर हाल में,
अपनी करुणा की छांव तले तुम्हें सदा मैं रखूँगा।

ਇਸ ਭਜਨ ਦੇ ਗਾਇਨ ਦੌਰਾਨ ਉਸਦੀ ਲੈਅ-ਤਾਲ ਨਾਲ ਗੁਰੂ ਮਹਾਰਾਜ ਦੀਆਂ ਉਂਗਲਾਂ ਦਾ ਹਿੱਲਣਾ, ਬੋਲਾਂ ਦੇ ਨਾਲ ਮੁੱਖ ਮੰਡਲ ਦੇ ਭਾਵਾਂ ਦਾ ਤਾਲਮੇਲ ਅਤੇ ਸਭ ਕੁਝ ਸਪੱਸ਼ਟ ਕਹਿਣ ਵਾਲਾ ਉਹਨਾਂ ਦੇ ਬੁੱਲ੍ਹਾਂ ਦਾ ਮੌਨ ਸਾਡੇ ਸਭ 'ਤੇ ਆਪਣਾ ਸਭ ਕੁਝ ਲੁਟਾ ਦੇਣ ਅਤੇ ਸਾਡੇ ਵਿਸ਼ਵਾਸ, ਉਤਸਾਹ ਅਤੇ ਹੌਸਲੇ ਨੂੰ ਹਮੇਸ਼ਾ ਲਈ ਘੜ ਦੇਣ ਲਈ ਉਤਾਰੂ ਹੋ ਕੇ ਸਮਝਾ ਰਿਹਾ ਸੀ ਕਿ ਹਰ ਮੁਸ਼ਕਿਲ ਵਿੱਚ ਮੈਂ ਤੁਹਾਡੀ ਢਾਲ ਬਣ ਕੇ ਤੁਹਾਡੇ ਨਾਲ ਰਹਾਂਗਾ ਅਤੇ ਤੁਹਾਨੂੰ ਸਦਾ ਆਪਣੀ ਰਹਿਮਤਾਂ ਦੀ ਛਾਂ ਹੇਠ ਰੱਖਾਂਗਾ। ਇਸ ਲਈ ਜਿੰਦਗੀ ਦੇ ਕਿਸੇ ਵੀ ਪੜਾਅ 'ਤੇ ਤੁਸੀਂ ਨਿਰਾਸ਼ ਨਾ ਹੋਣਾ। ਇਸੇ ਗੱਲ ਦੀ ਪੁਸ਼ਟੀ ਗੁਰੂ ਮਹਾਰਾਜ ਜੀ ਆਪਣੇ ਸੇਵਕਾਂ ਦੇ ਅੰਤਰ ਜਗਤ ਵਿੱਚ ਆ ਕੇ ਵੀ ਕਈ ਵਾਰ ਕਰਦੇ ਹਨ। ਗੁਰੂ ਮਹਾਰਾਜ ਜੀ ਨੇ ਇੱਕ ਸੇਵਕ ਦੇ ਅੰਤਰ ਜਗਤ ਵਿੱਚ ਸਾਕਾਰ ਹੋ ਕੇ ਕਿਹਾ ਕਿ ਮੈਂ ਆਪਣੇ ਹਰ ਸੇਵਕ ਦੇ ਹਰ ਵਿਚਾਰ ਨੂੰ ਪੜ੍ਹਦਾ ਹਾਂ, ਭਾਵਾਂ ਨੂੰ ਗ੍ਰਹਿਣ ਕਰਦਾ ਹਾਂ ਅਤੇ ਇੰਨਾ ਹੀ ਨਹੀਂ ਮੈਂ ਹਰ ਵਿਚਾਰ ਅਤੇ ਭਾਵ ਲਈ ਪ੍ਰਤੀਕਿਰਿਆ ਵੀ ਦਿੰਦਾ ਹਾਂ ਪਰ ਉਸ ਪ੍ਰਤੀਕਿਰਿਆ ਨੂੰ ਉਹੀ ਸਮਝ ਪਾਉਂਦੇ ਹਨ ਜੋ ਮੇਰੇ ਨਾਲ ਅੰਦਰੋਂ ਜੁੜੇ ਹਨ ਅਤੇ ਜੋ ਇਸ ਪ੍ਰਤੀਕਿਰਿਆ ਨੂੰ ਨਹੀਂ ਸਮਝ ਪਾਉਂਦੇ ਉਹੀ ਮੈਨੂੰ ਆਪਣੇ ਆਪ ਤੋਂ ਦੂਰ ਸਮਝਦੇ ਹਨ।

ਗੁਰੂ ਮਹਾਰਾਜ ਜੀ ਦੀਆਂ ਇਹਨਾਂ ਪ੍ਰਤੀਕਿਰਿਆਵਾਂ ਦਾ ਰੂਪ ਸਾਡੇ ਸਾਹਮਣੇ ਪ੍ਰਤੱਖ ਵੀ ਹੋ ਸਕਦਾ ਹੈ ਜਾਂ ਸਾਡੀ ਸੋਚ ਅਤੇ ਸਮਝ ਤੋਂ ਪਰੋਖੇ ਵੀ ਹੋ ਸਕਦਾ ਹੈ ਜੋ ਸ਼ਾਇਦ ਸਾਡੇ ਸਾਹਮਣੇ ਕਦੇ ਪ੍ਰਗਟ ਹੀ ਨਾ ਹੋਵੇ ਅਤੇ ਅਸੀਂ ਉਸ ਤੋਂ ਅਣਜਾਣ ਹੀ ਰਹੀਏ। ਇਸ ਸਭ ਨੂੰ ਸਮਝਣਾ ਤਾਂ ਸੇਵਕ ਦੇ ਵਿਵੇਕ ਅਤੇ ਵਿਸ਼ਵਾਸ 'ਤੇ ਨਿਰਭਰ ਕਰਦਾ ਹੈ। ਕਦੇ ਉਹ ਉਸ ਪ੍ਰਤੀਕਿਰਿਆ ਵੱਜੋਂ ਦਿੱਤੇ ਜਾਣ ਵਾਲੇ ਉੱਤਰ ਨੂੰ ਭਵਿੱਖ ਦੇ ਗਰਭ ਵਿੱਚ ਛੁਪਾ ਕੇ ਰੱਖਦੇ ਹਨ, ਸਮਾਂ ਅਤੇ ਅਵਸਰ ਆਉਣ 'ਤੇ ਉਸਨੂੰ ਪ੍ਰਗਟ ਕਰਦੇ ਹਨ। ਕਦੇ ਵਰਤਮਾਨ ਵਿੱਚ ਹੀ ਬਾਹਰੀ ਜਗਤ ਵਿੱਚ ਪ੍ਰਤੱਖ ਰੂਪ 'ਚ, ਕਦੇ ਕਿਸੇ ਦੇ ਮਾਧਿਅਮ ਦੁਆਰਾ, ਕਦੇ ਸਾਕਾਰ ਰੂਪ ਵਿੱਚ ਸਾਹਮਣੇ ਨਾ ਹੋ ਕੇ ਵੀ ਕੇਵਲ ਕੁਝ ਨੇਤਰਾਂ ਅੱਗੇ ਪ੍ਰਗਟ ਹੋ ਕੇ, ਕਦੇ ਅੰਤਰ ਜਗਤ ਵਿੱਚ ਸਾਧਨਾ, ਸੁਪਨੇ ਜਾਂ ਜਾਗ੍ਰਿਤ ਅਵਸਥਾ ਵਿੱਚ ਆ ਕੇ, ਕਦੇ ਭਾਵਾਂ ਦੇ ਸੂਖਮ ਜਗਤ ਵਿੱਚ ਸਮਰਪਣ ਬਣ ਕੇ, ਕਦੇ ਸਤਿਸੰਗ ਵਿਚਾਰਾਂ ਦੁਆਰਾ ਪ੍ਰੇਰਣਾ ਬਣ ਕੇ, ਕਦੇ ਸੇਵਾ ਦਾ ਅਵਸਰ ਪ੍ਰਦਾਨ ਕਰਕੇ ਉਤਸਾਹ ਦੀ ਰਵਾਨੀ ਬਣ ਕੇ, ਕਦੇ ਵਿਸ਼ਵਾਸ ਵਿੱਚ ਦ੍ਰਿੜਤਾ ਬਣ ਕੇ, ਕਦੇ ਬਿਰਹਾ ਦੇ ਹੰਝੂ ਬਣ ਕੇ ਆਦਿ ਸਾਡੇ ਭਾਵਾਂ ਲਈ ਪ੍ਰਤੀਕਿਰਿਆ ਦਿੰਦੇ ਹਨ। ਇਸ ਸਭ ਨੂੰ ਸਮਝਣਾ ਲੌਕਿਕ ਬੁੱਧੀ ਅਤੇ ਸੀਮਿਤ ਦ੍ਰਿਸ਼ਟੀ ਤੋਂ ਪਰ੍ਹੇ ਹੈ ਕਿ ਗੁਰੂਦੇਵ ਸਾਡੀ ਕਿਰਿਆ ਲਈ ਕਿਸ ਸਮੇਂ ਅਤੇ ਕਿਸ ਰੂਪ ਵਿੱਚ ਪ੍ਰਤੀਕਿਰਿਆ ਦਿੰਦੇ ਹਨ ਕਿਉਂਕਿ ਉਸ ਗੁਰੂ ਮਹਾਰਾਜ ਦੇ 'ਰਾਜ' ਦੀ ਪਹੁੰਚ ਤੋਂ ਬਾਹਰ ਕੋਈ ਸੂਖਮ ਤੋਂ ਸੂਖਮ ਪੱਧਰ ਵੀ ਨਹੀਂ ਹੈ। ਇਸ ਲਈ ਸਾਡੇ ਭਾਵਾਂ ਅਤੇ ਵਿਸ਼ਵਾਸ ਦੇ ਜਗਤ ਵਿੱਚ ਬੁੱਧੀ ਦੇ ਕੁਤਰਕਾਂ ਦੀ ਆਵਾਜਾਈ ਨਹੀਂ ਹੋਣੀ ਚਾਹੀਦੀ ਕਿਉਂਕਿ ਸਾਡਾ ਸੂਖਮ ਤੋਂ ਸੂਖਮ ਨਕਾਰਾਤਮਕ ਵਿਚਾਰ ਜਾਂ ਭਾਵ ਗੁਰੂ ਮਹਾਰਾਜ ਜੀ ਦੇ ਮਮਤਾਮਈ ਹਿਰਦੇ ਤੱਕ ਪੁਹੰਚ ਕੇ ਉਸਨੂੰ ਕਸ਼ਟ ਦਿੰਦਾ ਹੈ।

ਇਸ ਲਈ ਇੱਕ ਸੇਵਕ ਦੀ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਹਮੇਸ਼ਾ ਇਹੀ ਪ੍ਰਾਰਥਨਾ ਹੋਣੀ ਚਾਹੀਦੀ ਹੈ ਕਿ ਗੁਰੂਦੇਵ ਚਾਹੇ ਕੋਈ ਵੀ ਪ੍ਰਸਥਿਤੀ ਆਵੇ, ਮੇਰੇ ਜੀਵਨ ਦੀ ਵਾਗਡੋਰ ਕੇਵਲ ਆਪ ਹੀ ਸੰਭਾਲ ਕੇ ਰੱਖਣਾ। ਇਹ ਵਾਗਡੋਰ ਕਦੇ ਵੀ ਮੇਰੇ ਮਨ ਦੇ ਜਾਂ ਮੇਰੇ ਕਰਮ ਸੰਸਕਾਰਾਂ ਦੇ ਹੱਥਾਂ ਵਿੱਚ ਨਾ ਦੇਣਾ। ਨਹੀਂ ਤਾਂ ਇਹਨਾਂ ਦੇ ਨਿਰਦਈ ਹੱਥਾਂ ਵਿੱਚ ਮੇਰਾ ਜੀਵਨ ਭਟਕ ਜਾਵੇਗਾ। ਆਪ ਇੱਕ ਅਦ੍ਰਿਸ਼ ਸ਼ਕਤੀ ਬਣ ਕੇ ਹਮੇਸ਼ਾ ਮੇਰੇ ਜੀਵਨ ਨੂੰ ਸੰਭਾਲ ਅਤੇ ਸੰਵਾਰ ਰਹੇ ਹੋ। ਮੈਂ ਜੇਕਰ ਤੁਹਾਡੀ ਇਸ ਸ਼ਕਤੀ ਨੂੰ ਨਾ ਦੇਖ ਪਾਵਾਂ ਤਾਂ ਵੀ ਮੈਨੂੰ ਇਹ ਅਹਿਸਾਸ ਰਹੇ ਕਿ ਆਪ ਹੀ ਮੇਰੇ ਜੀਵਨ ਨੂੰ ਚਲਾ ਰਹੇ ਹੋ। ਮੇਰੀਆਂ ਕਮੀਆਂ ਤੁਹਾਡੇ ਦੁਆਰਾ ਕੀਤੇ ਜਾਣ ਵਾਲੇ ਮੇਰੇ ਵਿਅਕਤੀਤਵ ਦੇ ਨਿਰਮਾਣ ਕਾਰਜ ਵਿੱਚ ਕਦੇ ਵੀ ਰੁਕਾਵਟ ਨਾ ਬਣਨ ਬਲਕਿ ਹਮੇਸ਼ਾ ਸੰਵਰਦੀਆਂ ਜਾਣ, ਮਿਟਦੀਆਂ ਜਾਣ, ਸੁਧਰਦੀਆਂ ਜਾਣ!!

MAGZTER
Clipped from - Akhand Gyan - Punjabi - June 2020
Read it digitally on the Magzter app

ਯੋਗ ਭਜਾਵੇ ਰੋਗ?



ਭਾਰਤੀ ਦਰਸ਼ਨ 'ਚ ਯੋਗ ਇੱਕ ਬੇਹੱਦ ਮਹੱਤਵਪੂਰਨ ਸ਼ਬਦ ਹੈ। ਅੱਜ ਹਰੇਕ ਖੇਤਰ ਵਿੱਚ ਫਿਰ ਚਾਹੇ ਉਹ ਚਿਕਿਤਸਾ ਖੇਤਰ ਹੋਵੇ, ਅਧਿਆਤਮਿਕ ਜਾਂ ਸਮਾਜਿਕ ਖੇਤਰ ਪੂਰੇ ਵਿਸ਼ਵ ਅੰਦਰ ਇਹ ਆਪਣੀ ਉਪਯੋਗਤਾ ਸਿੱਧ ਕਰ ਰਿਹਾ ਹੈ। ਭਾਰਤੀ ਰਿਸ਼ੀਆਂ ਦੁਆਰਾ ਖੋਜੀ ਗਈ ਇਹ ਇੱਕ ਬੇਹੱਦ ਪ੍ਰਾਚੀਨ ਅਤੇ ਵਿਗਿਆਨਕ ਚਿਕਿਤਸਾ ਪ੍ਰਣਾਲੀ ਹੈ। ਅੱਜ ਆਯੁਰਵੇਦ ਅਤੇ ਯੋਗ ਦੇ ਮੇਲ ਦੁਆਰਾ ਚਿਕਿਤਸਾ ਖੇਤਰ ਵਿੱਚ ਨਿੱਤ ਨਵੀਆਂ ਪੁਲਾਂਘਾਂ ਪੁੱਟੀਆਂ ਜਾ ਰਹੀਆਂ ਹਨ। ਅਸਲ ਵਿੱਚ ਯੋਗ ਅਤੇ ਆਯੁਰਵੇਦ ਇੱਕ ਦੂਸਰੇ ਦੇ ਪੂਰਕ, ਪ੍ਰੇਰਕ ਅਤੇ ਪੋਸ਼ਕ ਹਨ ਜਿੰਨ੍ਹਾਂ ਦੀ ਸਹਾਇਤਾ ਨਾਲ ਅਰੋਗਤਾ ਨੂੰ ਸਹੀ ਅਰਥਾਂ ਵਿੱਚ ਕਾਇਮ ਕੀਤਾ ਜਾ ਸਕਦਾ ਹੈ। WHO ਦੇ ਦੁਆਰਾ ਦਿੱਤੀ ਗਈ ਤੰਦਰੁਸਤੀ ਦੀ ਪਰਿਭਾਸ਼ਾ ਹੈ 'Health is a state of complete physical, mental and social well-being and not merely the absence of disease or infirmity.' ਤੰਦਰੁਸਤੀ ਸਿਰਫ ਰੋਗਾਂ ਦਾ ਨਾ ਹੋਣਾ ਹੀ ਨਹੀਂ ਬਲਕਿ ਸਰੀਰਿਕ, ਮਾਨਸਿਕ ਅਤੇ ਸਮਾਜਿਕ ਤੌਰ 'ਤੇ ਪੂਰੀ ਤਰ੍ਹਾਂ ਦਰੁਸਤ ਹੋਣਾ ਹੀ ਤੰਦਰੁਸਤੀ ਹੈ ਅਤੇ ਅਜਿਹੀ ਤੰਦਰੁਸਤੀ ਸਿਰਫ ਆਯੁਰਵੇਦ ਅਤੇ ਯੋਗ ਅਨੁਸਾਰ ਆਪਣਾ ਜੀਵਨ ਜੀਣ ਨਾਲ ਹੀ ਪ੍ਰਾਪਤ ਹੋ ਸਕਦੀ ਹੈ।

ਅਰੋਗਤਾ ਪ੍ਰਦਾਨ ਕਰਨ ਵਾਲਾ ਯੋਗ

- ਯੋਗ ਦੀਆਂ ਸੂਖਮ ਕਿਰਿਆਵਾਂ ਦੇ ਦੁਆਰਾ ਸਾਡਾ ਦਿਮਾਗੀ ਤੰਤਰ ਮਜਬੂਤ ਹੁੰਦਾ ਹੈ।
- ਯੋਗ ਦੁਆਰਾ ਸਰੀਰ ਦੀ ਰੋਗ-ਪ੍ਰਤੀਰੋਧਕ ਸ਼ਕਤੀ ਵਿੱਚ ਵਾਧਾ ਹੁੰਦਾ ਹੈ।
- ਯੋਗ ਦੁਆਰਾ ਸਰੀਰ ਵਿੱਚ ਖ਼ੂਨ ਦਾ ਸੰਚਾਰ ਵਧੀਆ ਹੁੰਦਾ ਹੈ ਜਿਸਦੇ ਨਾਲ ਸਰੀਰ ਦਾ ਪੋਸ਼ਣ ਹੁੰਦਾ ਹੈ।

MAGZTER

MAGZTER

Clipped from - Akhand Gyan - Punjabi - June 2020
Read it digitally on the Magzter app

- ਯੋਗ ਦੁਆਰਾ ਸਰੀਰ ਦੀਆਂ ਗ੍ਰੰਥੀਆਂ ਪ੍ਰਭਾਵਿਤ ਹੁੰਦੀਆਂ ਹਨ। ਆਸਣ ਅਤੇ ਪ੍ਰਾਣਾਯਾਮ ਦੇ ਦੁਆਰਾ ਵਾਹਕ ਗ੍ਰੰਥੀਆਂ 'ਚ ਸੰਤੁਲਿਤ ਰਿਸਾਅ ਕਾਰਨ ਸ਼ੂਗਰ, ਥਾਇਰਾਇਡ ਆਦਿ ਸੰਤੁਲਿਤ ਹੁੰਦੇ ਹਨ।

- ਇਸ ਨਾਲ ਸਰੀਰ ਦੀਆਂ ਪਾਚਕ ਕਿਰਿਆਵਾਂ 'ਚ ਵੀ ਸੁਧਾਰ ਆਉਂਦਾ ਹੈ। ਪਾਚਨ ਸ਼ਕਤੀ ਮਜਬੂਤ ਹੋ ਕੇ ਭੋਜਨ ਦਾ ਸਹੀ ਤਰ੍ਹਾਂ ਨਾਲ ਪਾਚਨ ਕਰਦੀ ਹੈ ਜਿਸ ਦੇ ਦੁਆਰਾ ਪੇਟ ਦੇ ਰੋਗ, ਮੋਟਾਪਾ, ਚਮੜੀ ਦੇ ਰੋਗ, ਫੇਫੜਿਆਂ ਦੇ ਰੋਗ, ਨਾੜੀਆਂ ਦੀ ਕਮਜੋਰੀ ਆਦਿ ਦੂਰ ਹੁੰਦੇ ਹਨ ਅਤੇ ਸਰੀਰ ਅਰੋਗਤਾ ਪ੍ਰਾਪਤ ਕਰਦਾ ਹੈ।

ਨਿਯਮਿਤ ਕਰੋ ਯੋਗ ਆਸਣ!

ਅੱਜ ਮਹਾਂਮਾਰੀ ਵਾਂਗ ਫੈਲੇ ਹੋਏ ਇਹਨਾਂ ਰੋਗਾਂ- ਤਣਾਅ, ਉਨੀਂਦਰਾ, ਸ਼ੂਗਰ, ਮੋਟਾਪਾ, ਪੇਟ ਦੇ ਰੋਗ (ਕਬਜ, ਐਸੀਡਿਟੀ, ਅਲਸਰ) ਆਦਿ ਤੋਂ ਕੁਝ ਯੋਗ ਆਸਣਾਂ ਦੁਆਰਾ ਰਾਹਤ ਪ੍ਰਾਪਤ ਕੀਤੀ ਜਾ ਸਕਦੀ ਹੈ। ਕੁਝ ਪ੍ਰਸਿੱਧ ਯੋਗ ਆਸਣ ਜਿੰਨ੍ਹਾਂ ਨੂੰ ਦੈਨਿਕ ਜੀਵਨ 'ਚ ਸ਼ਾਮਿਲ ਕਰਕੇ ਅਸੀਂ ਤੰਦੁਰਸਤੀ ਭਰਿਆ ਜੀਵਨ ਬਤੀਤ ਕਰ ਸਕਦੇ ਹਾਂ-

ਪਵਨ ਮੁਕਤ ਆਸਣ

ਪਿੱਠ ਦੇ ਭਾਰ ਜਮੀਨ 'ਤੇ ਸਿੱਧੇ ਲੇਟ ਜਾਓ। ਫਿਰ ਸੱਜੇ ਪੈਰ ਦਾ ਗੋਡਾ ਮੋੜੋ। ਦੋਵੇਂ ਹੱਥਾਂ ਨਾਲ ਗੋਡਾ ਫੜ੍ਹ ਕੇ ਸਾਹ ਭਰਦੇ ਹੋਏ ਗੋਡੇ ਨੂੰ ਛਾਤੀ ਨਾਲ ਲਗਾਓ ਅਤੇ ਫਿਰ ਸਾਹ ਰੋਕ ਕੇ 10-20 ਸੈਕਿੰਡ ਇਸੇ ਅਵਸਥਾ ਵਿੱਚ ਰਹੋ। ਫਿਰ ਹੌਲੀ-ਹੌਲੀ ਸਾਹ ਛੱਡਦੇ ਹੋਏ ਲੱਤ ਸਿੱਧੀ ਕਰ ਲਓ। ਇਸੇ ਕਿਰਿਆ ਨੂੰ ਖੱਬੇ ਗੋਡੇ ਲਈ ਦੁਹਰਾਓ। ਦੋਵੇਂ ਗੋਡਿਆਂ ਲਈ ਇਹ ਕਿਰਿਆ 8-10 ਵਾਰ ਕਰੋ। ਤੀਸਰੇ ਪੜਾਅ 'ਚ ਦੋਵੇਂ ਗੋਡੇ ਇਕੱਠੇ ਮੋੜ ਕੇ ਇਸ ਕਿਰਿਆ ਨੂੰ 4-5 ਵਾਰ ਦੁਹਰਾਓ।

ਲਾਭ-

- ਇਸ ਆਸਣ ਦੁਆਰਾ ਪੇਟ ਦੀ ਚਰਬੀ ਘਟਦੀ ਹੈ।
- ਇਸ ਦੇ ਨਾਲ ਹੀ ਪੁਰਾਣੀ ਗੈਸ, ਬਦਹਜ਼ਮੀ ਆਦਿ ਰੋਗ ਦੂਰ ਹੁੰਦੇ ਹਨ।
- ਪੇਟ ਦੀ ਅਗਨੀ ਨੂੰ ਵਧਾ ਕੇ ਇਹ ਭੁੱਖ ਵੀ ਸੰਤੁਲਿਤ ਕਰਦਾ ਹੈ।

ਸਾਵਧਾਨੀਆਂ-

- ਜਿੰਨ੍ਹਾਂ ਲੋਕਾਂ ਨੂੰ ਪਿੱਠ ਦਰਦ ਦੀ ਸ਼ਿਕਾਇਤ ਹੈ ਉਨ੍ਹਾਂ ਨੂੰ ਇਹ ਆਸਣ ਨਹੀਂ ਕਰਨਾ ਚਾਹੀਦਾ।
- ਜਿੰਨ੍ਹਾਂ ਲੋਕਾਂ ਨੂੰ ਹਰਨੀਆਂ ਦੀ ਤਕਲੀਫ ਹੈ ਉਹ ਵੀ ਇਹ ਆਸਣ ਨਾ ਕਰਨ।





ਮੰਡੂਕ ਆਸਣ

ਵੱਜਰ ਆਸਣ ਦੀ ਅਵਸਥਾ ਵਿੱਚ ਬੈਠ ਕੇ ਅੰਗੂਠਿਆਂ ਨੂੰ ਆਪਣੀਆਂ ਉਂਗਲੀਆਂ 'ਚ ਦਬਾਉਂਦੇ ਹੋਏ ਮੁੱਠੀਆਂ ਬਣਾ ਲਓ ਅਤੇ ਫਿਰ ਦੋਵੇਂ ਮੁੱਠੀਆਂ ਨੂੰ ਨਾਭੀ ਦੇ ਦੋਵੇਂ ਪਾਸੇ ਲਗਾਓ। ਸਾਹ ਨੂੰ ਬਾਹਰ ਕੱਢ ਕੇ ਸਾਹਮਣੇ ਦ੍ਰਿਸ਼ਟੀ ਰੱਖਦੇ ਹੋਏ ਹੌਲੀ-ਹੌਲੀ ਥੱਲੇ ਝੁਕੋ। ਆਪਣੀ ਸਮਰੱਥਾ ਅਨੁਸਾਰ ਇਸੇ ਅਵਸਥਾ ਵਿੱਚ 10-15 ਸੈਕਿੰਡ ਬੈਠ ਕੇ ਦੁਬਾਰਾ ਫਿਰ ਵੱਜਰ ਆਸਣ ਦੀ ਸਥਿਤੀ ਵਿੱਚ ਆ ਜਾਓ।

ਲਾਭ-

- ਸ਼ੂਗਰ ਦੇ ਰੋਗੀਆਂ ਲਈ ਇਹ ਆਸਣ ਬੇਹੱਦ ਲਾਭਦਾਇਕ ਹੈ। ਇਸ ਨੂੰ ਰੋਜਾਨਾ ਕਰਨ ਨਾਲ ਪੈਨਕ੍ਰਿਆਜ਼ ਚ ਇਨਸੂਲਿਨ ਸੰਤੁਲਿਤ ਮਾਤਰਾ 'ਚ ਬਣਨਾ ਸ਼ੁਰੂ ਹੋ ਜਾਂਦਾ ਹੈ।

MAGZTER
MAGZTER
Clipped from - Akhand Gyan - Punjabi - June 2020
Read it digitally on the Magzter app

- ਪੇਟ ਦੇ ਰੋਗਾਂ ਲਈ ਇਹ ਆਸਣ ਬੇਹੱਦ ਲਾਭਦਾਇਕ ਹੈ। ਇਹ ਪੇਟ ਨੂੰ ਵਧਣ ਤੋਂ ਵੀ ਰੋਕਦਾ ਹੈ ਅਤੇ ਜਠਰ ਅਗਨੀ ਨੂੰ ਵਧਾਉਂਦਾ ਹੈ।



ਉਤਾਨਪਾਦ ਆਸਣ

ਇਸ ਆਸਣ ਨੂੰ ਕਰਨ ਲਈ ਪਿੱਠ ਦੇ ਭਾਰ ਸਿੱਧੇ ਲੇਟ ਜਾਓ। ਪੈਰਾਂ ਦੇ ਪੰਜੇ ਆਪਸ ਵਿੱਚ ਮਿਲੇ ਹੋਣੇ ਚਾਹੀਦੇ ਹਨ। ਹੁਣ ਸਾਹ ਅੰਦਰ ਭਰਦੇ ਹੋਏ ਪੈਰਾਂ ਨੂੰ ਆਪਣੀ ਸਮਰੱਥਾ ਅਨੁਸਾਰ ਹੌਲੀ-ਹੌਲੀ ਉੱਪਰ ਉਠਾਓ ਅਤੇ ਕੁਝ ਸਮਾਂ ਇਸੇ ਸਥਿਤੀ ਵਿੱਚ ਰਹੋ। ਹੌਲੀ-ਹੌਲੀ ਪੈਰ ਥੱਲੇ ਲਿਆਓ ਅਤੇ ਇਸ ਕਿਰਿਆ ਨੂੰ 3-5 ਵਾਰ ਦੁਹਰਾਓ।



ਲਾਭ-

- ਇਹ ਆਸਣ ਅੰਤੜੀਆਂ ਨੂੰ ਨਿਰੋਗ ਬਣਾਉਂਦਾ ਹੈ ਅਤੇ ਮੋਟਾਪੇ ਨੂੰ ਦੂਰ ਕਰਕੇ ਸਰੀਰ ਨੂੰ ਸੁਡੌਲ ਕਰਦਾ ਹੈ। ਇਹ ਆਸਣ ਡਿੱਗੀ ਹੋਈ ਧਰਨ ਨੂੰ ਠੀਕ ਕਰਨ ਦੇ ਨਾਲ ਹੀ ਕਬਜ, ਗੈਸ ਆਦਿ ਨੂੰ ਦੂਰ ਕਰਕੇ ਭੁੱਖ ਵਧਾਉਂਦਾ ਹੈ। ਕਮਰ ਦਰਦ, ਸਿਆਟਿਕਾ ਆਦਿ 'ਚ ਵਿਸ਼ੇਸ਼ ਤੌਰ 'ਤੇ ਲਾਭਦਾਇਕ ਹੈ।

ਸਾਵਧਾਨੀਆਂ-

- ਜਿੰਨ੍ਹਾਂ ਲੋਕਾਂ ਦੀ ਕਮਰ 'ਚ ਦਰਦ ਹੈ ਉਹ ਇਸ ਆਸਣ ਨੂੰ ਇੱਕ-ਇੱਕ ਪੈਰ ਨਾਲ ਕਰਨ।

ਭੁਜੰਗ ਆਸਣ

ਸਭ ਤੋਂ ਪਹਿਲਾਂ ਪੇਟ ਦੇ ਭਾਰ ਸਿੱਧੇ ਲੇਟ ਜਾਓ। ਦੋਵੇਂ ਹੱਥਾਂ ਨੂੰ ਛਾਤੀ ਨਾਲ ਜੋੜਦੇ ਹੋਏ ਦੋਵੇਂ ਪਾਸੇ ਰੱਖੋ ਅਤੇ ਕੂਹਣੀਆਂ ਉੱਪਰ ਉੱਠੀਆਂ ਹੋਣੀਆਂ ਚਾਹੀਦੀਆਂ ਹਨ। ਪੈਰ ਸਿੱਧੇ, ਪਿੱਛੇ ਵੱਲ ਮੁੜੇ ਹੋਏ ਅਤੇ ਆਪਸ 'ਚ ਮਿਲੇ ਹੋਣੇ ਚਾਹੀਦੇ ਹਨ। ਹੁਣ ਹੌਲੀ-ਹੌਲੀ ਸਾਹ ਭਰਦੇ ਹੋਏ ਛਾਤੀ ਅਤੇ ਸਿਰ ਨੂੰ ਉੱਪਰ ਉਠਾਓ। ਨਾਭੀ ਤੋਂ ਹੇਠਲਾ ਹਿੱਸਾ ਭੂਮੀ 'ਤੇ ਟਿਕਿਆ ਰਹਿਣਾ ਚਾਹੀਦਾ ਹੈ ਅਤੇ ਸਿਰ ਨੂੰ ਉੱਪਰ ਉਠਾਉਂਦੇ ਹੋਏ ਆਪਣੀ ਸਮਰੱਥਾ ਅਨੁਸਾਰ ਪਿੱਛੇ ਮੋੜ ਸਕਦੇ ਹੋ। ਇਸ ਸਥਿਤੀ ਵਿੱਚ ਕੁਝ ਦੇਰ ਰੁਕ ਕੇ ਹੌਲੀ-ਹੌਲੀ ਵਾਪਸ ਆਪਣੀ ਅਵਸਥਾ ਵਿੱਚ ਪਰਤ ਆਓ। ਇਸ ਆਸਣ ਨੂੰ ਜਿੰਨੀ ਵਾਰ ਕਰ ਸਕਦੇ ਹੋ ਕਰੋ ਪਰ ਧਿਆਨ ਰਹੇ ਜਿਆਦਾ ਜਬਰਦਸਤੀ ਨਾ ਕਰੋ।

ਲਾਭ-

- ਕਮਰ ਦਰਦ, ਸਲਿੱਪ ਡਿਸਕ, ਸਿਆਟਿਕਾ ਆਦਿ ਸਭ ਰੀੜ੍ਹ ਦੇ ਰੋਗਾਂ ਲਈ ਇਹ ਬੇਹੱਦ ਲਾਭਦਾਇਕ ਆਸਣ ਹੈ।





ਸਿੰਘ ਆਸਣ

ਸਿੰਘ ਆਸਣ ਕਰਨ ਲਈ ਵੱਜਰ ਆਸਣ ਵਿੱਚ ਬੈਠ ਜਾਓ। ਸਿੱਧੀਆਂ ਬਾਹਵਾਂ ਦੇ ਸਹਾਰੇ ਅੱਗੇ ਵੱਲ ਝੁਕੋ ਅਤੇ ਸਿਰ ਪਿੱਛੇ ਵੱਲ ਮੋੜੋ। ਇਸ ਤੋਂ ਬਾਅਦ ਮੂੰਹ ਖੋਲ੍ਹੋ ਅਤੇ ਜਿੰਨਾ ਹੋ ਸਕੇ ਜੀਭ ਨੂੰ ਬਾਹਰ ਕੱਢੋ। ਪੂਰੀਆਂ ਅੱਖਾਂ ਖੋਲ੍ਹੋ ਅਤੇ ਅਸਮਾਨ ਵੱਲ ਦੇਖੋ। ਨੱਕ ਨਾਲ ਸਾਹ ਲੈਂਦੇ ਹੋਏ ਹੌਲੀ-ਹੌਲੀ ਸਾਹ ਛੱਡਦੇ ਹੋਏ ਗਲੇ 'ਚੋਂ ਸਪੱਸ਼ਟ ਅਤੇ ਸਥਿਰ ਅਵਾਜ ਕੱਢੋ। ਇਸ ਕਿਰਿਆ ਨੂੰ 10-12 ਵਾਰ ਦੁਹਰਾਓ।

MAGZTER
MAGZTER
Clipped from - Akhand Gyan - Punjabi - June 2020
Read it digitally on the Magzter app

ਆਸਣ ਕਰਨ ਸੰਬੰਧੀ ਨਿਯਮ

- ਹਮੇਸ਼ਾ ਯੋਗ ਚਿਕਿਤਸਕ ਦੀ ਦੇਖ-ਰੇਖ ਵਿੱਚ ਹੀ ਯੋਗ ਆਸਣ ਕਰੋ। ਸਵੇਰੇ ਖਾਲੀ ਪੇਟ ਕੋਸਾ ਪਾਣੀ ਪੀ ਕੇ ਪੇਟ ਸਾਫ ਹੋਣ ਤੋਂ ਬਾਅਦ ਥੋੜ੍ਹੀ ਜਿਹੀ ਸੈਰ ਕਰਕੇ ਹੀ ਯੋਗ ਆਸਣ ਅਤੇ ਪ੍ਰਾਣਾਯਾਮ ਕਰਨਾ ਚਾਹੀਦਾ ਹੈ।
- ਆਸਣਾਂ ਦਾ ਲਾਭ ਇੱਕ ਹਫਤੇ ਤੋਂ ਇੱਕ ਮਹੀਨੇ ਦੇ ਅੰਦਰ ਹੌਲੀ-ਹੌਲੀ ਮਿਲਣਾ ਸ਼ੁਰੂ ਹੋ ਜਾਂਦਾ ਹੈ।
- ਕਮਰ ਦਰਦ ਦੀ ਸ਼ਿਕਾਇਤ 'ਚ ਅੱਗੇ ਝੁਕਣ ਵਾਲੇ ਆਸਣ ਨਹੀਂ ਕਰਨੇ ਚਾਹੀਦੇ।

ਲਾਭ-

- ਇਹ ਆਸਣ ਗਲੇ, ਨੱਕ, ਕੰਨ ਅਤੇ ਮੂੰਹ ਦੀਆਂ ਬਿਮਾਰੀਆਂ ਲਈ ਬਹੁਤ ਹੀ ਲਾਭਦਾਇਕ ਹੈ।
- ਥਾਇਰਾਇਡ, ਟੌਂਸਿਲ ਅਤੇ ਗਲੇ ਸੰਬੰਧੀ ਰੋਗਾਂ ਲਈ ਵੀ ਉਪਯੋਗੀ ਹੈ। ਤੋਤਲਾ ਬੋਲਣ ਵਾਲੇ ਬੱਚਿਆਂ ਨੂੰ ਇਹ ਆਸਣ ਜਰੂਰ ਕਰਵਾਉਣਾ ਚਾਹੀਦਾ ਹੈ। ਇਸਦੇ ਦੁਆਰਾ ਉਹਨਾਂ ਨੂੰ ਸਪੱਸ਼ਟ ਬੋਲਣ ਵਿੱਚ ਸਹਾਇਤਾ ਮਿਲੇਗੀ।
- ਇਹ ਆਸਣ ਚਿਹਰੇ ਦੀਆਂ ਝੁਰੜੀਆਂ ਨੂੰ ਵੀ ਦੂਰ ਕਰਦਾ ਹੈ।

MAGZTER

Clipped from - Akhand Gyan - Punjabi - June 2020
Read it digitally on the Magzter app

ਪ੍ਰਾਰਥਨਾ ਦਾ ? ਵਿਗਿਆਨ

ਇੱਕ ਵਾਰ ਕੁਝ ਵਿਦਵਾਨ ਨੌਜਵਾਨ ਗੁਰੂਦੇਵ **'ਸ੍ਰੀ ਆਸ਼ੁਤੋਸ਼ ਮਹਾਰਾਜ ਜੀ'** ਦੇ ਦਰਸ਼ਨਾਂ ਲਈ ਸੰਸਥਾਨ ਦੇ ਦਿੱਲੀ ਸਥਿਤ ਦਿਵਯ ਧਾਮ ਆਸ਼ਰਮ ਵਿੱਚ ਪਹੁੰਚੇ। ਸਵੇਰ ਦੇ ਕਰੀਬ 8 ਵੱਜੇ ਸਨ। ਨਿਯਮ ਅਨੁਸਾਰ ਆਸ਼ਰਮ ਦੇ ਸਾਰੇ ਸਾਧਕ ਸੰਗਠਿਤ ਹੋ ਕੇ 'ਨਮਨ' ਭਾਵ ਪ੍ਰਾਰਥਨਾ ਕਰ ਰਹੇ ਸਨ। ਇਸ ਦ੍ਰਿਸ਼ ਨੂੰ ਦੇਖ ਕੇ ਉਨ੍ਹਾਂ ਨੌਜਵਾਨਾਂ ਅੰਦਰ ਪ੍ਰਾਰਥਨਾ ਸੰਬੰਧੀ ਕੁਝ ਪ੍ਰਸ਼ਨ, ਸ਼ੰਕੇ ਅਤੇ ਦੁਬਿਧਾਵਾਂ ਪੈਦਾ ਹੋ ਗਈਆਂ। ਆਪਣੀਆਂ ਇਹਨਾਂ ਜਗਿਆਸਾਵਾਂ ਦਾ ਹੱਲ ਪਾਉਣ ਦੇ ਲਈ ਉਹ ਸ੍ਰੀ ਗੁਰੂ ਮਹਾਰਾਜ ਜੀ ਦੇ ਕੋਲ ਪਹੁੰਚੇ। ਮਹਾਰਾਜ ਜੀ ਦੇ ਸ੍ਰੀ ਚਰਨਾਂ ਵਿੱਚ ਪ੍ਰਣਾਮ ਕਰਕੇ, ਉਨ੍ਹਾਂ ਨੇ ਆਪਣੇ ਪ੍ਰਸ਼ਨ ਰੱਖੇ। ਇਸ ਲੇਖ ਵਿੱਚ ਗੁਰੂ ਮਹਾਰਾਜ ਜੀ ਦੁਆਰਾ ਦਿੱਤੇ ਗਏ ਉਨ੍ਹਾਂ ਲੜੀਬੱਧ ਪ੍ਰਸ਼ਨਾਂ ਦੇ ਹੱਲ ਪ੍ਰਸਤੁਤ ਕੀਤੇ ਜਾ ਰਹੇ ਹਨ।

? ਗੁਰੂ ਮਹਾਰਾਜ ਜੀ, ਅਸਲ ਵਿੱਚ ਪ੍ਰਾਰਥਨਾ ਕੀ ਹੈ ?

ਗੁਰੂ ਮਹਾਰਾਜ ਜੀ- ਵਿਅਕਤੀ ਦੀ ਮਨੋਸਥਿਤੀ ਅਤੇ ਅਧਿਆਤਮਿਕ ਅਵਸਥਾ ਦੇ ਅਨੁਸਾਰ ਪ੍ਰਾਰਥਨਾ ਨੂੰ ਭਿੰਨ-ਭਿੰਨ ਰੂਪਾਂ ਵਿੱਚ ਦਰਸਾਇਆ ਜਾ ਸਕਦਾ ਹੈ। ਕਿਸੇ ਦੇ ਲਈ ਪ੍ਰਾਰਥਨਾ ਸੁਆਰਥ ਪੂਰਤੀ ਦਾ ਪ੍ਰਭਾਵਸ਼ਾਲੀ ਸਾਧਨ ਹੈ, ਤਾਂ ਕਿਸੇ ਦੇ ਲਈ ਪ੍ਰਾਰਥਨਾ ਰੋਗ ਦੀ ਰਾਮ-ਬਾਣ ਔਸ਼ਧੀ। ਕਿਸੇ ਦੇ ਲਈ ਪ੍ਰਾਰਥਨਾ ਦੇ ਵਿੱਚ ਹਰੇਕ ਸਮੱਸਿਆ ਦਾ ਹੱਲ ਸ਼ਾਮਿਲ ਹੈ, ਕਿਸੇ ਦੇ ਲਈ ਪ੍ਰਾਰਥਨਾ ਹਰੇਕ ਭਵਰ 'ਚੋਂ ਤਰਣ ਦਾ ਨਿਸ਼ਚਿਤ ਸਾਧਨ ਹੈ। ਕਈ ਭਗਤਾਂ ਦੇ ਲਈ ਪ੍ਰਾਰਥਨਾ ਭਾਵਾਂ ਦਾ ਇਜ਼ਹਾਰ ਹੈ, ਤਾਂ ਕਈ ਸਾਧਕਾਂ ਦੇ ਲਈ ਪਰਮਾਤਮਾ ਦੇ ਨਾਲ ਗੱਲ-ਬਾਤ ਦੀ ਕਲਾ। ਪਰ ਜੇਕਰ ਪ੍ਰਾਰਥਨਾ ਦਾ ਸ਼ਾਬਦਿਕ ਅਰਥ ਲਈਏ, ਤਾਂ ਪ੍ਰਾਰਥਨਾ ਦੀ ਉਤਪਤੀ 'ਯਾਚ' ਧਾਤੂ ਤੋਂ ਹੋਈ ਹੈ, ਜਿਸਦਾ ਅਰਥ ਹੁੰਦਾ ਹੈ ਆਪਣੇ ਤੋਂ 'ਵਿਸ਼ੇਸ਼' ਕੋਲੋਂ ਦੀਨਤਾਪੂਰਬਕ ਕੁਝ ਮੰਗਣਾ, ਭਾਵ ਯਾਚਨਾ ਕਰਨਾ।

? ਕੀ ਇਹ 'ਵਿਸ਼ੇਸ਼' ਕੋਈ ਸੱਜਣ ਵਿਅਕਤੀ ਵੀ ਹੋ ਸਕਦਾ ਹੈ ?

ਗੁਰੂ ਮਹਾਰਾਜ ਜੀ- ਇਸ ਪ੍ਰਸ਼ਨ ਦੇ ਉੱਤਰ ਵਿੱਚ ਇੱਕ ਕਹਾਣੀ ਸੁਣੋ। ਕਿਹਾ ਜਾਂਦਾ ਹੈ ਕਿ ਇੱਕ ਵਾਰ ਮੁਗਲ ਬਾਦਸ਼ਾਹ ਅਕਬਰ ਜੰਗਲ ਵਿੱਚ ਸ਼ਿਕਾਰ ਖੇਡਦੇ ਹੋਏ ਰਸਤਾ ਭਟਕ ਗਏ। ਸਮਾਂ ਬੀਤਣ 'ਤੇ ਉਨ੍ਹਾਂ ਨੂੰ ਭੁੱਖ ਲਗੀ। ਸਾਹਮਣੇ ਇੱਕ ਕਿਸਾਨ ਦੀ ਝੌਂਪੜੀ ਦਿਖਾਈ ਦਿੱਤੀ। ਉਹ ਉੱਥੇ ਪਹੁੰਚੇ ਅਤੇ ਭੋਜਣ ਦੀ ਮੰਗ ਕੀਤੀ। ਕਿਸਾਨ ਦੀ ਪਤਨੀ ਨੇ ਉਨ੍ਹਾਂ ਨੂੰ ਇੱਕ ਪਨੈਥੀ (ਮੋਟੀ ਰੋਟੀ) ਅਤੇ ਥੋੜ੍ਹਾ ਅਚਾਰ ਦੇ ਦਿੱਤਾ। ਉਸ ਨੂੰ ਖਾ ਕੇ ਅਕਬਰ ਨੂੰ ਸ਼ਾਂਤੀ ਮਿਲੀ।

MAGZTER

Clipped from - Akhand Gyan - Punjabi - June 2020
Read it digitally on the Magzter app

ਜਾਂਦੇ ਹੋਏ ਅਕਬਰ ਨੇ ਕਿਸਾਨ ਨੂੰ ਕਿਹਾ- 'ਜਦੋਂ ਕਦੇ ਤੈਨੂੰ ਕਿਸੇ ਵਸਤੂ ਦੀ ਕਮੀ ਮਹਿਸੂਸ ਹੋਵੇ, ਤਾਂ ਦਿੱਲੀ ਵਿੱਚ ਅਕਬਰ ਦੇ ਕੋਲ ਆ ਜਾਣਾ।' ਬਦਕਿਸਮਤੀ ਨਾਲ, ਕੁਝ ਹੀ ਸਮੇਂ ਬਾਅਦ ਅਕਾਲ ਪੈ ਗਿਆ। ਕਿਸਾਨ ਦੇ ਘਰ ਵਿੱਚ ਅੰਨ ਦਾ ਇੱਕ ਦਾਣਾ ਨਾ ਬਚਿਆ। ਉਸਦੀ ਪਤਨੀ ਨੇ ਉਸ ਨੂੰ ਅਕਬਰ ਦਾ ਵਚਨ ਯਾਦ ਕਰਵਾਇਆ। ਫਿਰ ਕਿਸਾਨ ਦਿੱਲੀ ਪਹੁੰਚਿਆ। ਬੜੀਆਂ ਮੁਸੀਬਤਾਂ ਦਾ ਸਾਹਮਣਾ ਕਰਨ ਤੋਂ ਬਾਅਦ ਅਕਬਰ ਦੇ ਮਹਿਲ ਵਿੱਚ ਪਹੁੰਚ ਸਕਿਆ। ਜਦੋਂ ਅਕਬਰ ਦੇ ਮਹਿਲ ਵਿੱਚ ਪਹੁੰਚਿਆ ਤਾਂ ਦੇਖਿਆ ਉਹ ਖੁਦਾ ਤੋਂ ਦੁਆ ਮੰਗ ਰਿਹਾ ਹੈ। ਕਿਸਾਨ ਗਿਆਨੀ ਅਤੇ ਅਨੁਭਵੀ ਸੀ। ਇਸ ਲਈ ਇਹ ਦੇਖ ਕੇ ਉਹ ਤੁਰੰਤ ਵਾਪਸ ਆ ਗਿਆ। ਇਹੀ ਸੋਚ ਕੇ ਕਿ ਜਦੋਂ ਬਾਦਸ਼ਾਹ ਆਪ ਭਿਖਾਰੀ ਹੈ, ਤਾਂ ਮੈਨੂੰ ਕੀ ਦੇਵੇਗਾ? ਮੈਂ ਉਸ ਦਾਤਾ ਕੋਲੋਂ ਹੀ ਕਿਉਂ ਨਾ ਮੰਗਾਂ, ਜਿਸ ਕੋਲੋਂ ਅਕਬਰ ਮੰਗ ਰਿਹਾ ਹੈ?'

ਇੰਗਲੈਂਡ ਵਿੱਚ 'ਰਾਸ਼ਟਰੀ ਸੇਵਾ ਸਮਿਤੀ' ਦੁਆਰਾ ਜੋ 3000 ਹਸਪਤਾਲ ਚਲਾਏ ਜਾਂਦੇ ਹਨ, ਉਨ੍ਹਾਂ ਸਾਰਿਆਂ ਵਿੱਚ ਧਰਮ ਉਪਦੇਸ਼ਕ ਨਿਯੁਕਤ ਹਨ ਜੋ ਸਵੇਰੇ ਸ਼ਾਮ ਰੋਗੀਆਂ ਦੇ ਰੋਗ-ਨਿਵਾਰਣ ਦੇ ਲਈ ਭਗਵਾਨ ਅੱਗੇ ਪ੍ਰਾਰਥਨਾ ਕਰਦੇ ਹਨ।

ਭਾਵੇਂ ਇਹ ਇੱਕ ਕਹਾਣੀ ਹੀ ਹੈ, ਪਰ ਇੱਕ ਗਹਿਰਾ ਭਾਵ ਇਸ ਵਿੱਚ ਸ਼ਾਮਿਲ ਹੈ ਕਿ ਦਾਤਾ ਕੇਵਲ ਇੱਕ ਹੈ ਅਤੇ ਉਹ ਹੈ- ਪਰਮਾਤਮਾ। ਇਸ ਲਈ ਯਾਚਨਾ ਸਾਰਥਕ ਉਹੀ ਹੈ, ਜਦੋਂ ਉਸਦੇ ਸਾਹਮਣੇ ਕੀਤੀ ਜਾਵੇ। ਇਸ ਲਈ 'ਪ੍ਰਭੂ' ਦੇ ਚਰਨਾਂ ਵਿੱਚ ਕੀਤੀ ਗਈ ਯਾਚਨਾ ਹੀ ਅਸਲ ਵਿੱਚ 'ਪ੍ਰਾਰਥਨਾ' ਕਹੀ ਜਾਂਦੀ ਹੈ।

? ਪਰ ਗੁਰੂ ਮਹਾਰਾਜ ਜੀ, ਕੀ ਪਰਮਾਤਮਾ ਪ੍ਰਾਰਥਨਾਵਾਂ ਦਾ ਫਲ ਦਿੰਦੇ ਹਨ? ਯਾਚਕ ਦੀ ਇੱਛਾ ਪੂਰੀ ਕਰਦੇ ਹਨ?

ਗੁਰੂ ਮਹਾਰਾਜ ਜੀ- ਕਰਦੇ ਵੀ ਹਨ ਅਤੇ ਨਹੀਂ ਵੀ। ਕਿਉਂਕਿ ਉਹ ਹੀ ਜਾਣਦੇ ਹਨ ਕਿ ਸਾਡੀ ਪ੍ਰਾਰਥਨਾ ਨੂੰ ਸਵੀਕਾਰ ਕਰਨਾ ਸਾਡੇ ਹਿੱਤ ਵਿੱਚ ਹੈ ਜਾਂ ਅਹਿੱਤ ਵਿੱਚ। ਉਸਦੇ ਅਨੁਸਾਰ ਉਹ ਫੈਸਲਾ ਲੈਂਦੇ ਹਨ।

? ਕੀ ਇਸ ਵਿਸ਼ੇ ਵਿੱਚ ਕੋਈ ਵਿਗਿਆਨਕ ਪ੍ਰਮਾਣ ਹੈ, ਜਿੱਥੇ ਪ੍ਰਾਰਥਨਾ ਦੀ ਮੰਗ ਪੂਰੀ ਹੋਈ ਹੋਵੇ?

ਗੁਰੂ ਮਹਾਰਾਜ ਜੀ- ਪ੍ਰਾਰਥਨਾ ਦੀ ਸ਼ਕਤੀ ਨੂੰ ਜਾਂਚਣ ਦੇ ਲਈ ਸੰਨ 1988 ਵਿੱਚ ਇੱਕ ਵਿਗਿਆਨਕ ਪ੍ਰਯੋਗ ਕੀਤਾ ਗਿਆ। ਇਹ ਪ੍ਰੋਯਗ ਅਮਰੀਕਾ ਦੇ ਸੈਨ ਫਰਾਂਸਿਸਕੋ ਜਨਰਲ ਹਸਪਤਾਲ ਵਿੱਚ ਡਾ. ਰੈਡੋਲਫ ਬਾਯਰਡ ਦੁਆਰਾ ਕੀਤਾ ਗਿਆ। 393 ਦਿਲ ਦੇ ਰੋਗੀਆਂ ਨੂੰ, ਬਿਨਾ ਕੋਈ ਜਾਣਕਾਰੀ ਦਿੱਤੇ, ਇਸ ਪ੍ਰੀਖਣ ਦਾ ਹਿੱਸਾ ਬਣਾਇਆ ਗਿਆ। ਉਨ੍ਹਾਂ ਨੂੰ ਦੋ ਟੋਲੀਆਂ ਵਿੱਚ ਵੰਡਿਆ ਗਿਆ। ਪਹਿਲੀ ਟੋਲੀ ਦੇ ਰੋਗੀਆਂ ਦੇ ਨਾਮ ਇੱਕ ਪ੍ਰਾਰਥਨਾ-ਦਲ ਨੂੰ ਦਿੱਤੇ ਗਏ, ਜਿੰਨ੍ਹਾਂ ਨੇ ਇਹ ਦਿਲਾਸਾ ਦਿੱਤਾ ਕਿ ਉਹ ਸੱਚੇ ਹਿਰਦੇ ਨਾਲ ਇਹਨਾਂ ਰੋਗੀਆਂ ਦੇ ਸਿਹਤ ਲਾਭ ਲਈ ਨਿਯਮਿਤ ਪ੍ਰਾਰਥਨਾ ਕਰਨਗੇ। ਦੂਸਰੀ ਟੋਲੀ ਦੇ ਰੋਗੀਆਂ ਦੇ ਲਈ ਅਜਿਹੀ ਕੋਈ ਵਿਵਸਥਾ ਨਹੀਂ ਕੀਤੀ ਗਈ। ਦਸ ਮਹੀਨਿਆਂ ਬਾਅਦ, ਪ੍ਰੀਖਣ ਦੇ ਨਤੀਜੇ ਸਾਹਮਣੇ ਸਨ। ਜਿੰਨ੍ਹਾਂ ਰੋਗੀਆਂ ਦੇ ਲਈ ਪ੍ਰਾਰਥਨਾ ਕੀਤੀ ਗਈ ਸੀ, ਉਨ੍ਹਾਂ ਦੀ ਸਿਹਤ 21 ਪ੍ਰਤੀਸ਼ਤ ਵਧੇਰੇ ਵਧੀਆ ਸੀ,

MAGZTER

Clipped from - Akhand Gyan - Punjabi - June 2020
Read it digitally on the Magzter app

ਉਨ੍ਹਾਂ ਰੋਗੀਆਂ ਦੇ ਮੁਕਾਬਲੇ ਜਿੰਨ੍ਹਾਂ ਦੇ ਲਈ ਕੋਈ ਪ੍ਰਾਰਥਨਾ ਨਹੀਂ ਕੀਤੀ ਗਈ। ਪਹਿਲੇ ਭਾਗ ਦੇ ਰੋਗੀਆਂ ਨੂੰ ਦੂਸਰੇ ਭਾਗ ਦੇ ਰੋਗੀਆਂ ਦੀ ਤੁਲਨਾ ਵਿੱਚ ਐਂਟੀਬਾਇਓਟਿਕ (ਪ੍ਰਤੀ ਜੈਵਿਕ) ਵੀ 5 ਗੁਣਾ ਘੱਟ ਚਾਹੀਦੇ ਸਨ। ਇਸ ਪ੍ਰੀਖਣ ਦੇ ਬਾਅਦ ਪ੍ਰਸਿੱਧ ਡਾ. ਵਿਲਿਅਮ ਦਾ ਕਹਿਣਾ ਸੀ- ਜੇਕਰ ਇਸ ਪ੍ਰੀਖਣ ਦੇ ਨਤੀਜੇ ਸੱਚ ਹਨ, ਤਾਂ ਸਾਨੂੰ ਸਾਰੇ ਚਿਕਿਤਸਕਾਂ ਨੂੰ ਆਪਣੇ ਮਰੀਜਾਂ ਦੇ ਔਸ਼ਧੀ-ਨਿਰਦੇਸ਼ ਪੱਤਰ (prescription) 'ਤੇ ਇਹ ਵੀ ਜਰੂਰ ਲਿਖਣਾ ਚਾਹੀਦਾ ਹੈ ਕਿ ਦਿਨ ਵਿੱਚ ਤਿੰਨ ਵਾਰ ਪ੍ਰਾਰਥਨਾ ਜਰੂਰ ਕਰੋ। ਇਸ ਲਈ ਪ੍ਰਾਰਥਨਾ ਦਾ ਪ੍ਰਭਾਵ ਵਿਵਹਾਰਿਕ ਪੱਧਰ 'ਤੇ ਵੀ ਪ੍ਰਮਾਣਿਤ ਹੋ ਚੁੱਕਾ ਹੈ।

ਨੋਬਲ ਪੁਰਸਕਾਰ ਜੇਤੂ, ਵਿਸ਼ਵ ਪ੍ਰਸਿੱਧ ਵਿਗਿਆਨਕ ਅਤੇ ਸਰਜਨ ਡਾ. ਅਲੇਕਸਿਸ ਕੈਰੇਲ ਦਾ ਇੱਕ ਕਥਨ ਇੱਸ ਤੱਥ ਨੂੰ ਹੋਰ ਮਜਬੂਤ ਕਰਦਾ ਹੈ। ਉਨ੍ਹਾਂ ਦਾ ਕਹਿਣਾ ਸੀ- 'ਮੈਂ ਆਪ ਆਪਣੀਆਂ ਅੱਖਾਂ ਨਾਲ ਦੇਖਿਆ ਹੈ ਕਿ ਕੇਵਲ ਪ੍ਰਾਰਥਨਾ ਨਾਲ, ਕੁਝ ਹੀ ਸਮੇਂ ਵਿੱਚ ਮੂੰਹ ਦੇ ਜਖਮ, ਸਰੀਰ ਦੇ ਹੋਰ ਜਖਮ, ਕੈਂਸਰ, ਟੀ.ਬੀ. ਆਦਿ ਰੋਗਾਂ ਤੋਂ ਰੋਗੀ ਮੁਕਤ ਹੋ ਗਏ।'

? ਸ਼ਾਇਦ ਇਸ ਲਈ ਹੁਣ ਹਰੇਕ ਹਸਪਤਾਲ ਵਿੱਚ ਮੰਦਿਰ ਜਾਂ ਪੂਜਾ ਦਾ ਸਥਾਨ ਹੁੰਦਾ ਹੈ। ਨਾਲ ਹੀ ਦੀਵਾਰਾਂ 'ਤੇ ਲਿਖਿਆ ਰਹਿੰਦਾ ਹੈ- 'We treat, God cures'- ਅਸੀਂ ਕੇਵਲ ਇਲਾਜ ਕਰਦੇ ਹਾਂ, ਠੀਕ ਪਰਮਾਤਮਾ ਕਰਦਾ ਹੈ।

ਗੁਰੂ ਮਹਾਰਾਜ ਜੀ- ਡਾ. ਕੈਰੇਲ, ਜਿੰਨ੍ਹਾਂ ਦਾ ਹੁਣ ਮੈਂ ਤੁਹਾਨੂੰ ਕਥਨ ਦੱਸਿਆ ਹੈ, ਉਹ ਉਨ੍ਹਾਂ ਡਾਕਟਰਾਂ ਦੇ ਦਲ ਦੇ ਵੀ ਮੁਖੀਆ ਰਹੇ ਜਿੰਨ੍ਹਾਂ ਨੇ ਰੋਗੀਆਂ ਦੀ ਨਿਰੋਗਤਾ ਦੇ ਲਈ ਪ੍ਰਾਰਥਨਾ ਦੀ ਵਿਵਸਥਾ ਕੀਤੀ। ਹੁਣ ਤਾਂ ਇਹ ਵਿਵਸਥਾ ਵਿਸ਼ਵ ਦੇ ਜਿਆਦਾਤਰ ਹਸਪਤਾਲਾਂ ਵਿੱਚ ਮੌਜੂਦ ਹੈ। ਇੰਗਲੈਂਡ ਵਿੱਚ 'ਰਾਸ਼ਟਰੀ ਸੇਵਾ ਸਮਿਤੀ' ਦੁਆਰਾ ਜੋ 3000 ਹਸਪਤਾਲ ਚਲਾਏ ਜਾਂਦੇ ਹਨ, ਉਨ੍ਹਾਂ ਸਾਰਿਆਂ ਵਿੱਚ ਧਰਮ ਉਪਦੇਸ਼ਕ ਨਿਯੁਕਤ ਹਨ ਜੋ ਸਵੇਰੇ ਸ਼ਾਮ ਰੋਗੀਆਂ ਦੇ ਰੋਗ-ਨਿਵਾਰਣ ਦੇ ਲਈ ਭਗਵਾਨ ਅੱਗੇ ਪ੍ਰਾਰਥਨਾ ਕਰਦੇ ਹਨ। ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ ਦੇ ਉਪ ਸੈਕਟਰੀ ਡਾ. ਕਲੈਕਸਟਨ ਨੇ ਇਸ ਵਿਸ਼ੇ ਵਿੱਚ ਆਪਣੇ ਵਿਚਾਰ ਰੱਖਦੇ ਹੋਏ ਕਿਹਾ- 'ਜੇਕਰ ਅਸੀਂ ਆਪਣਾ ਕੰਮ ਚੰਗੀ ਤਰ੍ਹਾਂ ਕਰਨਾ ਹੈ ਤਾਂ ਅਧਿਆਤਮਿਕ ਸ਼ਕਤੀ ਦੀ ਸਹਾਇਤਾ ਜਿਆਦਾ ਤੋਂ ਜਿਆਦਾ ਲੈਣਾ ਜਰੂਰੀ ਹੈ।' ਅਮਰੀਕਾ ਦੇ ਨਾਮੀ ਸਰਜਨ ਡਾ. ਰੱਬਰਟ ਵਾਈਟ ਨੇ ਅਕਤੂਬਰ 1978 ਵਿੱਚ ਪ੍ਰਕਾਸ਼ਿਤ ਰੀਡਰਸ ਡਾਈਜੈਸਟ ਵਿੱਚ ਆਪਣੇ ਵਿਚਾਰ ਰੱਖੇ- 'ਮੈਂ ਹਰੇਕ ਸਰਜਰੀ ਕਰਨ ਤੋਂ ਪਹਿਲਾਂ ਅਤੇ ਬਾਅਦ ਵਿੱਚ, ਪਰਮਾਤਮਾ ਦੇ ਅੱਗੇ ਨਤਮਸਤਕ ਹੁੰਦਾ ਹਾਂ। ਉਨ੍ਹਾਂ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਉਹ ਮੈਨੂੰ ਕਾਬਲੀਅਤ ਦੇਣ ਕਿ ਮੈਂ ਆਪਣਾ ਕੰਮ ਕੁਸ਼ਲਤਾ ਨਾਲ ਅਤੇ ਸਫਲਤਾਪੂਰਬਕ ਕਰ ਸਕਾਂ। ਇਸ ਲਈ ਮੇਰੀ ਹਰ ਸਫਲ ਸਰਜਰੀ ਪ੍ਰਾਰਥਨਾ ਦਾ ਫਲ ਹੀ ਹੈ।'

ਸਿਰਫ ਚਿਕਿਤਸਕਾਂ ਦੇ ਖੇਤਰ ਵਿੱਚ ਹੀ ਨਹੀਂ, ਹਰ ਖੇਤਰ ਵਿੱਚ ਪ੍ਰਾਰਥਨਾ ਦਾ ਪ੍ਰਭਾਵ ਸਵੀਕਾਰ ਕੀਤਾ ਜਾ ਰਿਹਾ ਹੈ। ਨਾਸਾ (NASA) ਨੇ ਜਦੋਂ ਅਪੋਲੋ 13 ਪੁਲਾੜ ਵਿੱਚ ਭੇਜਿਆ, ਤਾਂ ਕਰੀਬ 55 ਘੰਟੇ ਬਾਅਦ ਉਸ ਪੁਲਾੜੀ ਜਹਾਜ ਦੇ ਯਾਤਰੀਆਂ ਦਾ ਸੰਦੇਸ਼ ਆਇਆ ਕਿ ਉਨ੍ਹਾਂ ਦੇ ਜਹਾਜ ਦੀ ਦੁਰਘਟਨਾ ਹੋ ਚੁੱਕੀ ਹੈ। ਸਾਡੀ ਸਾਰਿਆਂ ਦੀ ਜਾਨ ਖਤਰੇ ਵਿੱਚ ਹੈ। ਇਸ ਸੂਚਨਾ ਦੇ ਪ੍ਰਸਾਰਿਤ ਹੁੰਦੇ ਹੀ ਨਾਸਾ ਦੇ ਵਿਗਿਆਨਕ ਪੂਰੇ ਜੀਅ-ਜਾਨ ਨਾਲ ਕੰਮ ਵਿੱਚ ਜੁੱਟ ਗਏ ਅਤੇ ਇੱਧਰ ਸਾਰਾ ਵਿਸ਼ਵ ਪ੍ਰਾਰਥਨਾਰਤ ਹੋ ਗਿਆ। ਸਾਰਿਆਂ ਨੇ ਨਿਸ਼ਕਾਮ ਭਾਵਨਾ ਨਾਲ ਉਨ੍ਹਾਂ ਪੁਲਾੜ ਯਾਤਰੀਆਂ ਦੀ ਸਲਾਮਤੀ ਦੇ ਲਈ ਪ੍ਰਾਰਥਨਾ ਕੀਤੀ। ਪ੍ਰਾਰਥਨਾ ਦਾ ਫਲ ਮਿਲਿਆ। ਸਾਰੇ ਯਾਤਰੀ ਸਹੀ ਸਲਾਮਤ ਧਰਤੀ 'ਤੇ ਉੱਤਰੇ।

> ਕਈ ਭਗਤਾਂ ਦੇ ਲਈ ਪ੍ਰਾਰਥਨਾ ਭਾਵਾਂ ਦਾ ਇਜ਼ਹਾਰ ਹੈ, ਤਾਂ ਕਈ ਸਾਧਕਾਂ ਦੇ ਲਈ ਪਰਮਾਤਮਾ ਦੇ ਨਾਲ ਗੱਲ-ਬਾਤ ਦੀ ਕਲਾ। ਪਰ ਜੇਕਰ ਪ੍ਰਾਰਥਨਾ ਦਾ ਸ਼ਾਬਦਿਕ ਅਰਥ ਲਈਏ, ਤਾਂ ਪ੍ਰਾਰਥਨਾ ਦੀ ਉੱਤਪਤੀ 'ਪ੍ਰਾਰਥ' ਧਾਤੂ ਤੋਂ ਹੋਈ ਹੈ, ਜਿਸਦਾ ਅਰਥ ਹੁੰਦਾ ਹੈ ਆਪਣੇ ਤੋਂ 'ਵਿਸ਼ੇਸ਼' ਕੋਲੋਂ ਦੀਨਤਾਪੂਰਬਕ ਕੁਝ ਮੰਗਣਾ।

ਇਸ ਲਈ ਇੰਗਲੈਂਡ ਦੇ ਪ੍ਰਸਿੱਧ ਕਵੀ ਲਾਰਡ ਟੈਨੀਸਨ ਦਾ ਪ੍ਰਸਿੱਧ ਬਿਆਨ ਹੈ- 'More things are wrought by prayer than this world dreams of.' ਭਾਵ ਇਹ ਸੰਸਾਰ ਜਿੰਨ੍ਹਾਂ ਵਸਤੂਆਂ ਦੀ ਕਲਪਨਾ ਵੀ ਨਹੀਂ ਕਰ ਸਕਦਾ, ਉਸ ਤੋਂ ਜਿਆਦਾ ਪ੍ਰਾਰਥਨਾ ਦੁਆਰਾ ਪਾਈਆਂ ਜਾ ਸਕਦੀਆਂ ਹਨ।

? ਗੁਰੂ ਮਹਾਰਾਜ ਜੀ, ਇਸ ਚਰਚਾ ਵਿੱਚ ਇੱਕ ਦੁਬਿਧਾ ਮਨ ਵਿੱਚ ਪੈਦਾ ਹੋ ਰਹੀ ਹੈ। ਕਿਹਾ ਜਾਂਦਾ ਹੈ ਕਿ ਵਿਅਕਤੀ ਨੂੰ ਉਸਦੇ ਕਰਮਾਂ ਦਾ ਫਲ ਭੋਗਣਾ ਹੀ ਪੈਂਦਾ ਹੈ। ਤਾਂ ਕੀ ਇਸ ਨਿਯਮ ਵਿੱਚ ਪ੍ਰਾਰਥਨਾ ਦਖਲ ਅੰਦਾਜੀ ਨਹੀਂ ਕਰ ਰਹੀ ?

ਗੁਰੂ ਮਹਾਰਾਜ ਜੀ- ਮੰਨ ਲਓ, ਇੱਕ ਵਿਅਕਤੀ ਨੇ ਚੋਰੀ ਕੀਤੀ। ਦੰਡ ਵੱਜੋਂ ਉਸ ਨੂੰ ਕੁਝ ਸਾਲਾਂ ਦੇ ਲਈ ਜੇਲ੍ਹ ਵਿੱਚ ਬੰਦ ਕਰ ਦਿੱਤਾ

MAGZTER
MAGZTER
Clipped from - Akhand Gyan - Punjabi - June 2020
Read it digitally on the Magzter app

ਗਿਆ। ਹੁਣ ਉਸ ਵਿਅਕਤੀ ਨੂੰ ਆਪਣੇ ਦੁਸ਼ਕਰਮ 'ਤੇ ਪਛਤਾਵਾ ਹੋ ਰਿਹਾ ਹੈ। ਇਸ ਲਈ ਉਹ ਆਪਣੇ ਆਚਰਣ, ਵਿਵਹਾਰ, ਸੋਚ ਨੂੰ ਸੁਧਾਰਦਾ ਹੈ ਅਤੇ ਜੇਲ੍ਹ ਦੇ ਵੀ ਸਾਰੇ ਨਿਯਮਾਂ ਦਾ ਠੀਕ ਪਾਲਣ ਕਰਦਾ ਹੈ। ਤਾਂ ਅਜਿਹੀ ਸਥਿਤੀ ਵਿੱਚ ਕਈ ਵਾਰ ਉਸਦੀ ਕੈਦ ਦਾ ਅੰਤਰਾਲ ਵੀ ਘੱਟ ਕਰ ਦਿੱਤਾ ਜਾਂਦਾ ਹੈ ਜਾਂ ਉਸਨੂੰ ਜੇਲ ਵਿੱਚ ਹੀ ਅਨੇਕ ਸੁਵਿਧਾਵਾਂ ਦੇ ਦਿੱਤੀਆਂ ਜਾਂਦੀਆਂ ਹਨ। ਠੀਕ ਇਹੀ ਪ੍ਰਾਰਥਨਾ ਦੇ ਵਿਸ਼ੇ ਵਿੱਚ ਹੈ। ਇੱਕ ਵਿਅਕਤੀ ਆਪਣੇ ਕਰਮਾਂ ਦੀ ਸਜਾ ਭੋਗਦਾ ਹੈ, ਜੇਕਰ ਸੱਚੇ-ਪਵਿੱਤਰ ਹਿਰਦੇ ਨਾਲ ਪ੍ਰਾਰਥਨਾ ਕਰਦਾ ਹੈ, ਤਾਂ ਪਰਮਾਤਮਾ ਕਿਰਪਾ ਕਰਕੇ ਉਸਨੂੰ ਸਜਾ ਤੋਂ ਮੁਕਤ ਕਰ ਦਿੰਦਾ ਹੈ।

ਇੱਕ ਦੁਬਿਧਾ ਹੋਰ ਹੈ, ਗੁਰੂ ਮਹਾਰਾਜ ਜੀ। ਭਿੰਨ-ਭਿੰਨ ਲੋਕ ਭਿੰਨ-ਭਿੰਨ ਪ੍ਰਕਾਰ ਦੀਆਂ ਪ੍ਰਾਰਥਨਾਵਾਂ ਕਰਦੇ ਹਨ। ਹੋ ਸਕਦਾ ਹੈ ਕਿ ਕਦੇ ਦੋ ਲੋਕਾਂ ਦੀਆਂ ਪ੍ਰਾਰਥਨਾਵਾਂ ਇੱਕ ਦੂਸਰੇ 'ਤੋਂ ਵਿਰੋਧੀ ਹੋਣ। ਅਜਿਹੀ ਸਥਿਤੀ ਵਿੱਚ ਕਿਸਦੀ ਪ੍ਰਾਰਥਨਾ ਸਵੀਕਾਰ ਕੀਤੀ ਜਾਵੇਗੀ?

ਗੁਰੂ ਮਹਾਰਾਜ ਜੀ- ਦੇਵੀ ਪੁਰਾਣ ਵਿੱਚ ਵਰਣਨ ਆਉਂਦਾ ਹੈ ਕਿ ਪ੍ਰਭੂ ਸ੍ਰੀ ਰਾਮ ਅਤੇ ਰਾਵਣ ਦੋਵਾਂ ਨੇ ਦੇਵੀ ਮਾਂ ਅੱਗੇ ਪ੍ਰਾਰਥਨਾ ਕੀਤੀ ਕਿ ਉਹ ਯੁੱਧ ਵਿੱਚ ਉਨ੍ਹਾਂ ਦੀ ਸਹਾਇਤਾ ਕਰਨ। ਹੁਣ ਦੇਖਿਆ ਜਾਵੇ, ਤਾਂ ਦੋਵੇਂ ਪੱਖਾਂ ਦੀਆਂ ਪ੍ਰਾਰਥਨਾਵਾਂ ਆਪਸ ਵਿੱਚ ਵਿਰੋਧੀ ਸਨ ਅਤੇ ਮਾਂ ਨੇ ਅਜਿਹੀ ਸਥਿਤੀ ਵਿੱਚ ਕੀ ਕੀਤਾ? ਉਹ ਰਾਵਣ ਦੇ ਸਾਹਮਣੇ ਪ੍ਰਗਟ ਹੋਈ ਅਤੇ ਉਸਨੂੰ 'ਕਲਿਆਣਮਸਤੂ' ਦਾ ਵਰਦਾਨ ਦਿੱਤਾ। ਉੱਥੇ, ਪ੍ਰਭੂ ਸ੍ਰੀ ਰਾਮ ਨੂੰ 'ਵਿਜਯੀ ਭਵ' ਦਾ ਵਰਦਾਨ ਦਿੱਤਾ। ਅਸੀਂ ਸਭ ਜਾਣਦੇ ਹਾਂ ਕਿ ਯੁੱਧ ਵਿੱਚ ਰਾਵਣ ਮੌਤ ਨੂੰ ਪ੍ਰਾਪਤ ਹੋਇਆ ਅਤੇ ਪ੍ਰਭੂ ਰਾਮ ਦੀ ਜਿੱਤ ਹੋਈ। ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਸ੍ਰੀ ਰਾਮ ਨੂੰ ਦਿੱਤਾ ਹੋਇਆ ਵਰਦਾਨ ਤਾਂ ਦੇਵੀ ਮਾਂ ਨੇ ਪੂਰਾ ਕੀਤਾ, ਪਰ ਰਵਾਣ ਨੂੰ ਪ੍ਰਾਰਥਨਾ ਤੋਂ ਮਿਲਿਆ ਵਰਦਾਨ ਫਲ ਰਹਿਤ ਰਿਹਾ। ਕਿੰਤੂ ਅਜਿਹਾ ਨਹੀਂ ਹੈ। ਦੇਵੀ ਮਾਂ ਨੇ ਰਾਵਣ ਨੂੰ 'ਕਲਿਆਣਮਸਤੂ' ਭਾਵ 'ਤੇਰਾ ਕਲਿਆਣ ਹੋਵੇ' ਦਾ ਵਰਦਾਨ ਦਿੱਤਾ ਸੀ। ਪ੍ਰਭੂ ਸ੍ਰੀ ਰਾਮ ਦੇ ਦੁਆਰਾ ਮੌਤ ਨੂੰ ਪ੍ਰਾਪਤ ਕਰਕੇ ਰਾਵਣ ਕਲਿਆਣ ਨੂੰ ਹੀ ਪ੍ਰਾਪਤ ਹੋਇਆ। ਉਸਦੇ ਪਾਪ ਭਰੇ ਜੀਵਨ ਦਾ ਅੰਤ ਹੋਣ ਵਿੱਚ ਹੀ ਉਸਦਾ ਕਲਿਆਣ ਸੀ। ਇਸ ਲਈ ਇਹ ਤੁਹਾਡੀ ਚਿੰਤਾ ਦਾ ਵਿਸ਼ਾ ਨਹੀਂ ਹੈ ਕਿ ਪਰਮਾਤਮਾ ਵਿਰੋਧੀ ਪ੍ਰਾਰਥਨਾਵਾਂ ਦੀ ਸਮੱਸਿਆ ਦਾ ਕਿਵੇਂ ਹੱਲ ਕੱਢਣਗੇ! ਪਰਮਾਤਮਾ ਵਿਵੇਕ ਪੂਰਨ ਸੱਤਾ ਹੈ। ਉਨ੍ਹਾਂ ਦੇ ਕੋਲ ਹਰ ਸਮੱਸਿਆ ਦਾ ਅਟੱਲ ਸਮਾਧਾਨ ਹੈ।

ਗੁਰੂ ਮਹਾਰਾਜ ਜੀ, ਮਨ ਵਿੱਚ ਇੱਕ ਸ਼ੰਕਾ ਹੋਰ ਉੱਠ ਰਿਹਾ ਹੈ। ਜੇਕਰ ਪ੍ਰਾਰਥਨਾ ਕਰਨ ਨਾਲ ਹੀ ਹਰ ਵਸਤੂ ਦੀ ਇੱਛਾ ਪੂਰੀ ਕੀਤੀ ਜਾ ਸਕਦੀ ਹੈ, ਤਾਂ ਫਿਰ ਕਰਮ ਕਿਉਂ ਕੀਤਾ ਜਾਵੇ?

ਗੁਰੂ ਮਹਾਰਾਜ ਜੀ- ਇੱਕ ਵਿਅਕਤੀ ਹਰ ਰੋਜ ਸਵੇਰੇ-ਸਵੇਰੇ ਗਿਰਜਾਘਰ ਵਿੱਚ ਜਾਂਦਾ ਅਤੇ ਦੋਵੇਂ ਹੱਥ ਜੋੜ ਕੇ ਭਗਵਾਨ ਅੱਗੇ ਪ੍ਰਾਰਥਨਾ ਕਰਦਾ- 'ਹੇ ਪਰਮਾਤਮਾ! ਬਸ ਤੂੰ ਹੀ ਮੇਰਾ ਇੱਕ ਸਹਾਰਾ ਹੈਂ। ਮੈਂ ਗਰੀਬੀ ਭਰੇ ਜੀਵਨ ਤੋਂ ਥੱਕ ਚੁੱਕਿਆਂ ਹਾਂ... Now I need a break. I need to win the lottery. (ਮੈਂ ਹੁਣ ਸਕੂਨ ਦੇ ਪਲ ਚਾਹੁੰਦਾ ਹਾਂ। ਇਸ ਲਈ ਆਪ ਮੇਰੀ ਲਾੱਟਰੀ ਲਗਵਾ ਦਿਓ।)' ਪਰ ਉਸਦੀ ਲਾੱਟਰੀ ਨਹੀਂ ਨਿਕਲੀ। ਹੁਣ ਉਸ ਨੇ ਆਪਣੀ ਪ੍ਰਾਰਥਨਾ ਦੇ ਸ਼ਬਦ ਬਦਲੇ- 'ਹੇ ਪਰਮਾਤਮਾ, ਮੈਂ ਆਪਣੀ ਪਤਨੀ ਦੇ ਨਾਲ ਚੰਗਾ ਵਿਵਹਾਰ ਕਰਦਾ ਹਾਂ। ਕਿਸੇ ਨੂੰ ਵੀ ਬੁਰਾ ਭਲਾ ਨਹੀਂ ਕਹਿੰਦਾ। ਮੈਂ ਸ਼ਰਾਬ ਪੀਣੀ ਛੱਡ ਦਿੱਤੀ ਹੈ। 'Give me a break. I need to win the lottery.' ਪਰ ਇਸ ਵਾਰ ਵੀ ਉਹ ਲਾੱਟਰੀ ਟਿਕਟ ਨਹੀਂ ਜਿੱਤ ਪਾਇਆ। ਫਿਰ ਗਿਰਜਾਘਰ ਪਹੁੰਚਿਆ ਅਤੇ ਪ੍ਰਾਰਥਨਾ ਕੀਤੀ- 'ਪਰਮਾਤਮਾ, ਮੇਰੇ ਉੱਪਰ ਦਇਆ ਕਰੋ। ਮੇਰੀਆਂ ਪ੍ਰਾਰਥਨਾਵਾਂ ਦਾ ਫਲ ਦਿਓ। ਮੈਨੂੰ ਇਸ ਤਰ੍ਹਾਂ ਗਰੀਬ ਨਾ ਛੱਡੋ। Give me a break. Let me win the lottery.' ਉਸੇ ਵੇਲੇ ਪਰਮਾਤਮਾ ਦੀ ਬਾਣੀ ਗੂੰਜੀ- 'My son, you give me a break. Atleast, buy a lottery ticket.' ਪੁੱਤਰ, ਤੂੰ ਮੈਨੂੰ ਆਰਾਮ ਲੈਣ ਦੇ। ਘੱਟ ਤੋਂ ਘੱਟ ਇੱਕ ਲਾੱਟਰੀ ਦਾ ਟਿਕਟ ਤਾਂ ਖਰੀਦ।

ਇਹ ਘਟਨਾ ਹਾਸੋਹੀਣੀ ਹੈ, ਪਰ ਇੱਕ ਗਹਿਰਾ ਸੰਦੇਸ਼ ਦਿੰਦੀ ਹੈ। ਜਦੋਂ ਤੱਕ ਤੁਸੀਂ ਲਾੱਟਰੀ ਦਾ ਟਿਕਟ ਨਹੀਂ ਖਰੀਦੋਗੇ, ਉਦੋਂ ਤੱਕ ਪਰਮਾਤਮਾ ਵੀ ਲਾੱਟਰੀ ਨਹੀਂ ਲਗਵਾ ਸਕਦਾ। ਭਾਵ ਕਰਮ ਤੁਹਾਨੂੰ ਕਰਨਾ ਹੀ ਪਵੇਗਾ। ਉਸ ਕਰਮ ਦੇ ਅਧਾਰ 'ਤੇ ਹੀ ਪ੍ਰਾਰਥਨਾ ਫਲ ਦਿੰਦੀ ਹੈ। ਨੈਪੋਲੀਅਨ ਨੇ ਬਹੁਤ ਸੁੰਦਰ ਕਿਹਾ ਸੀ- 'ਗਿੱਲੇ ਬਾਰੂਦ ਵਿੱਚ ਤਾਂ ਪਰਮਾਤਮਾ ਵੀ ਅੱਗ ਨਹੀਂ ਲਗਾ ਸਕਦਾ ਭਾਵ ਆਪਣੇ ਕਰਮ ਦੁਆਰਾ ਬਾਰੂਦ ਨੂੰ ਸੁੱਕਾ ਰੱਖੋ।' ਠੀਕ ਇਸੇ ਤਰ੍ਹਾਂ ਸਾਵਧਾਨੀ, ਲਗਨ, ਮਿਹਨਤ ਨਾਲ ਯੋਗਤਾ ਅਨੁਸਾਰ ਤੁਸੀਂ ਕਰਮ ਕਰੋ। ਨਾਲ ਹੀ ਪ੍ਰਾਰਥਨਾ ਵੀ। ਦੋਵੇਂ ਯਤਨਾਂ ਦੇ ਮਿਲਾਪ ਨਾਲ ਹੀ ਸਫਲਤਾ ਪ੍ਰਾਪਤ ਹੋਵੇਗੀ। ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਜੋ ਕਰਮ ਦਾ ਤਿਆਗ ਕਰਕੇ ਸਿਰਫ ਪ੍ਰਾਰਥਨਾ 'ਤੇ ਨਿਰਭਰ ਰਹਿੰਦੇ ਹਨ, ਉਨ੍ਹਾਂ ਦੀ ਪ੍ਰਾਰਥਨਾ ਵਿਅਰਥ ਹੁੰਦੀ ਹੈ।

ਕਿੰਤੂ ਮਹਾਰਾਜ ਜੀ, ਮੈਂ ਤਾਂ ਕਈ ਵਾਰ ਉਨ੍ਹਾਂ ਲੋਕਾਂ ਦੀ ਪ੍ਰਾਰਥਨਾ ਵੀ ਵਿਅਰਥ ਹੁੰਦੀ ਦੇਖੀ ਹੈ ਜੋ ਕਰਮਸ਼ੀਲ ਹੁੰਦੇ ਹਨ। ਅਜਿਹਾ ਕਿਉਂ?

(ਇਸ ਪ੍ਰਸ਼ਨ ਦਾ ਗੁਰੂ ਮਹਾਰਾਜ ਜੀ ਨੇ ਕੀ ਸਮਾਧਾਨ ਦਿੱਤਾ ਅਤੇ ਇਸ ਕੜੀ ਵਿੱਚ ਹੋਰ ਕਿਹੜੇ-ਕਿਹੜੇ ਪ੍ਰਸ਼ਨ ਪੁੱਛੇ ਗਏ, ਜਾਨਣ ਲਈ ਪੜ੍ਹੋ ਅਗਲਾ ਅੰਕ। (...ਚਲਦਾ)

MAGZTER
MAGZTER
Clipped from - Akhand Gyan - Punjabi - June 2020
Read it digitally on the Magzter app

Disciple = Discipline

We all know that God is perfect! And, in order to make His children also perfect, He manifests in the form of a Perfect Master from time to time. Yes! That's the aim of a Perfect Master– to remove all weaknesses and wrongs residing in his disciple and lead him to his real goal, i.e. Perfection. And, for the achievement of this goal comes in the role of a very crucial factor- DISCIPLINE. Just tally the two words: Disciple and Discipl(in)e. So very similar they are, aren't they? The latter absorbs 'in' itself the former! In fact, the bigger truth is that it's not just the spellings which are (almost) similar, but the two entities are actually the reflection of each other. Without discipline, a disciple can't be, and vice versa! Because, it is 'discipline' which makes someone a disciple in the real sense; and, it is a disciple who gives the real honour to the very word by living it to its zenith! Verily, the two can be said to be synonyms to each other– two sides of the same coin.

However, generally, when it comes to becoming disciplined in life, several misinterpretations tend to crop up. Many people wrongly project the term equating it to a kind of punishment or torture. They relate it to military discipline with strict rules and regulations that snatches away coolness from life and makes it stressful and torturous. Once, some youngsters were asked to express their views on discipline that whether they would want it in their life or not? Their unanimous reply was– 'Oh! Keep the stick away...We want to live life freely, in our own way!' They intended to say that disciplining one's life means arresting one's freedom! But, that's not true. That's the distorted image. In the real picture, discipline doesn't pose itself as a jail meant to imprison someone's freedom; instead, it is a valuable phenomenon to lead to the real freedom in life- freedom from the slavery of mind. One needs wisdom to understand discipline in true sense. It is due to lack of wisdom only that discipline takes the form of punishment or torture. This can be clearly understood through the muscle-philosophy.

Building discipline is like building muscles. The more you train your muscles by lifting weights, the stronger you become. However, this doesn't mean that in the name of building your muscles, you go crazy and try to lift weights that you cannot budge. It will not make you strong; instead you may rupture your tissues. The muscular strength differs from individual to individual. You must start with the weights which fall within your ability. Thereafter, go on increasing your limit gradually. Same goes with building discipline in one's life. Setting too tough dimensions for yourself and trying to attain them in one go- that is not discipline; rather it is a torture! If you can lift 12 pounds in the beginning, start with 12 pounds. If you aim at lifting 20 pounds in the very first time, it's foolishness! Start

MAGZTER

Clipped from - Akhand Gyan - Punjabi - June 2020
Read it digitally on the Magzter app

with realistic goals and keep progressing. You don't have to compare yourself with others. To think that the other person can do so much and so you should also try to imitate him is no wisdom. As said earlier, in this way you may rupture your (mental) tissues. It is due to this immaturity that discipline becomes a punishment for you.

But, how to develop this wisdom to be able to understand discipline in the true sense? In this context, Yogananda Paramahansa remarkably says: **'If you lack the wisdom to discern what is right, then tune yourself in with the wisdom of a wise man. Often what you think to be wisdom is not wisdom at all, but your own desires and karmic inclinations. That is why you should have a Guru. Guru is one who is sent by God to free you. When you are in tune with his wisdom, you find freedom. Otherwise, you remain a slave to your whims.**

A true disciple is one who seeks liberation by accepting the guru's discipline, and who disciplines himself by the wisdom-guided instructions of the Guru.'

Hence, it becomes clear that discipline is not a punishment. Instead, it plays a crucial role in achieving freedom and attaining great heights in life. Otherwise, without discipline, our lives will go completely haywire. The following allegory tells why and how...

It was a lovely evening. Children were playing in the park and enjoying, while Rohan was still caught in his study room, surrounded by books. He had his English examination the next day. His mother had strictly instructed him not to go to play without finishing his work. 'My friends have started playing and I am still studying! Why doesn't mom let me go when I have told her that I will prepare for my exam at night?' Thinking thus, Rohan went to his father in a frustrated mood. In a complaining tone, he uttered, 'Papa, why is everyone after my life? In school, teacher gives us so many instructions in the name of discipline. When I come home, mom starts the chapter of discipline again! I hate this discipline! Can't it go away so that I can enjoy my life?' Father smiled and, holding his son's hand, took him on the terrace. He took out a kite and thread and asked Rohan to fly the kite. Rohan was a bit perplexed at his father's reaction, but thought that his father must be trying to change his mood. 'Not a bad option', he soliloquised. He tied the thread to the kite and gave it a swing. Soon, the kite was flying high in the sky. However, at that moment, his father cut the string with a knife. In no time, the kite came down falling from its great heights. Rohan looked at his father with questioning eyes. His father too looked at him in surprise and said, 'Oh! Why did the kite fall down? I thought that the string is trying to hold the kite back and is not allowing it to fly higher and higher. Therefore, I immediately cut it, in order to set the kite free. But, instead of going up, it fell down! Why?' Rohan could not answer what his father asked, but kept thinking. His father smiled and answered, 'Dear Son, what seemed to be curbing the flight of the kite was instead the source for the kite to attain heights. When the string was cut, the kite though left absolutely free from the ties of the string did not go up; because, it was disconnected from its root. Rohan, this string is like discipline in life. If the string of discipline will be cut, you will never be able to attain great heights in life! You will never be able to fly high...'

Jim Rohan puts it very beautifully and crisply:

'Discipline is the bridge between goals and accomplishments.'

So, discipline is important. It's important to attain great heights, not only materialistically (in the outside world), but also spiritually (in the inner world). However, there is a difference between the two disciplines- the discipline of a worldly person and that of a disciple. In the outside world, discipline is imposed on us forcefully by others. For instance: As a child, we were often scolded for not washing our hands before having food, for not brushing our teeth before sleeping, etc. As a youth, we were again scolded for coming

MAGZTER

MAGZTER

Clipped from - Akhand Gyan - Punjabi - June 2020
Read it digitally on the Magzter app

home late, for not informing parents about our whereabouts, etc. As a student, we followed the instructions of our teachers and professors and maintained discipline- out of fear or to impress them! Of course, we don't intend to say that these disciplines were wrong. Certainly they were in our favour, to nurture good habits in us. But, whatsoever, they were forcefully injected by others in our lives. However, it doesn't go the same way in case of a disciple! On the road of discipleship, discipline is not imposed from outside. Instead, it is absorbed from within. A disciple puts in his sincere most efforts to adopt the discipline of his beloved Master in letter and spirit. He struggles with himself, fights with his weaknesses, and works over himself day and night to imbibe the commands of his Master. Do you know why does he do that? Just for one thing... for the precious smile of his Master! His Master's happiness means life to him. It is the sole driving force behind all his efforts. And, a day comes when every thought, every action, every breath of his is guided by the discipline of his Master.

Certainly, it's not an easy fight for a disciple to shape himself in the discipline of his Master, because his mind and weaknesses try to attack him every now and then! He needs to be thoroughly vigilant of the tricks of his mind and should constantly struggle with his weaknesses. If you are among the ones treading the path of discipleship, after attaining Divine Knowledge from the Perfect Master, then you yourself must have realised this. For instance, out of the four commandments that our Gurudev has given us, one is to meditate every day. Now, we try to sit, but our mind comes into action. It provokes us again and again to get up from meditation. And, a tussle begins... between our mind and the discipline of the Master. Who wins?– It depends on us, our determination, our dedication, and our sincerity! The following analogy may prove to be inspirational in this regard...

Suppose, a wild animal, totally restless, is tied to a pole. Now, for sure, it will try its level best to break open the ties and set itself free. It will hit the pole, will make sounds, will be restless... just wanting to break the chain and run away. In such a case, if, on seeing that the animal is restless and is trying to set itself free, you extend a helping hand and untie the chain, then? Ah! The animal will get what it wanted, i.e. freedom to create chaos around! The same is the story with our mind. It is like a wild animal. Now, when we try to tie the mind to the pole of the Divine Light, i.e. when we focus on the Divine Light (as revealed at the time of initiation into Brahm Gyan), the mind also becomes restless on seeing its freedom getting curbed. It again and again tries to set itself free... i.e. disturbs you through plethora of thoughts. Under such circumstances, what do we do? Seeing the mind trying to set itself free, we break open the chain, i.e. we get up from meditation and set the mind free. Of course, that is not the solution! Instead, if thoughts are coming, i.e. the mind is attacking through its thoughts, then let it try its tricks...you do not pay heed to it. Remain steadfast in your attempts to adopt the discipline of your Master. Bring your focus again and again on the Divine Light. Soon you will find that the mind (animal) will be exhausted, and will surrender on being unable to untie the chain!

Remember! Great men are not those who conquer others, but those who conquer themselves! Emphasising the same, the Greek philosopher, Plato said:

'The first and the best victory is to conquer self.'

Also, don't forget that we are not alone on our way to become well-disciplined disciples of our Master. We have the biggest aid with us in the form of our Master's grace. By clubbing our diligent efforts with the divine grace of the Master, nothing can keep success away from us!

MAGZTER

Clipped from - Akhand Gyan - Punjabi - June 2020
Read it digitally on the Magzter app



ਪਿਆਰ ਜਾਂ ਉਪਚਾਰ

ਗੁਰੂ ਭਗਤੀ ਕਹਿੰਦੀ ਹੈ ਕਿ ਗੁਰੂ ਦਾ ਕੋਈ ਵੀ ਕੰਮ ਕਦੇ ਗਲਤ ਨਹੀਂ ਹੁੰਦਾ। ਉਹ ਜੋ ਵੀ, ਜਦੋਂ ਵੀ ਕਰੇ, ਉਹੀ ਸੱਚ ਹੁੰਦਾ ਹੈ। ਉਸਦਾ ਕਿਸੇ ਨੂੰ ਜੀਵਨ ਦੇਣਾ ਤਾਂ ਜੀਵਨ ਹੁੰਦਾ ਹੀ ਹੈ ਸਗੋਂ ਮੌਤ ਦੇਣਾ ਵੀ ਜੀਵਨ ਦੇਣਾ ਹੀ ਹੁੰਦਾ ਹੈ।

MAGZTER

Clipped from - Akhand Gyan - Punjabi - June 2020
Read it digitally on the Magzter app

'ਹੇ ਤਥਾਗਤ! ਆਪ ਜੀ ਦੀ ਜੈ ਹੋਵੇ। ਖਿਮਾ ਕਰਨਾ ਪ੍ਰਭੂ ਪਰ ਹੁਣ ਤਾਂ ਹੱਦ ਨਹੀਂ ਸਗੋਂ ਹੱਦੋਂ ਵੱਧ ਹੋ ਗਈ। ਮਾਤਲੀ ਅੱਜ ਫਿਰ ਆਪਣੇ ਸਾਥੀ ਭਿਖਸ਼ੂਆਂ ਨਾਲ ਝਗੜ ਪਿਆ ਅਤੇ ਉਹ ਵੀ ਭਰੀ ਸੰਗਤ ਦੇ ਸਾਹਮਣੇ। ਹੇ ਤਥਾਗਤ! ਆਖਿਰ ਇਸ ਵਿਗੜੇ ਨੂੰ ਆਪ ਨੇ ਕਿਉਂ ਇੰਨੀ ਢਿੱਲ ਦਿੱਤੀ ਹੈ? ਕੱਲ੍ਹ ਨੂੰ ਕੋਈ ਉਨੀ-ਇੱਕੀ ਹੋ ਗਈ ਤਾਂ ਸਾਰੇ ਆਸ਼ਰਮ ਦੀ ਬਦਨਾਮੀ ਹੋ ਜਾਵੇਗੀ।' ਸੰਘ ਦਾ ਜਿੰਮੇਵਾਰ ਭਿਖਸ਼ੂ ਆਪਣੀ ਗੱਲ ਕਹਿ ਕੇ ਮੂੰਹੋਂ ਤਾਂ ਚੁੱਪ ਹੋ ਗਿਆ ਪਰ ਉਸਦੀਆਂ ਅਸੰਤੁਸ਼ਟ ਅੱਖਾਂ ਹਾਲੇ ਵੀ ਬਹੁਤ ਕੁਝ ਕਹਿ ਰਹੀਆਂ ਸਨ। ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਹਮੇਸ਼ਾ ਦੀ ਤਰ੍ਹਾਂ ਮਹਾਤਮਾ ਬੁੱਧ ਦੇ ਚਿਹਰੇ 'ਤੇ ਮਾਤਲੀ ਲਈ ਅੱਜ ਫਿਰ ਕੋਈ ਸ਼ਿਕਨ ਨਹੀਂ ਸੀ। ਤਥਾਗਤ ਹਮੇਸ਼ਾ ਦੀ ਤਰ੍ਹਾਂ ਸ਼ਾਂਤ ਸਨ ਬਿਲਕੁੱਲ ਨੱਕੋ-ਨੱਕ ਭਰੇ ਘੜੇ ਦੀ ਤਰ੍ਹਾਂ ਜਿਸ ਨੂੰ ਟਣਕਾਉਣ 'ਤੇ ਅਵਾਜ ਨਹੀਂ ਨਿਕਲਦੀ ਬਲਕਿ ਕਿਸੇ ਗਹਿਰੀ ਚੁੱਪ ਦਾ ਮੌਨ ਹੀ ਸੁਣਾਈ ਦਿੰਦਾ ਹੈ। ਸ਼ਿਕਾਇਤ ਕਰਤਾ ਭਿਖਸ਼ੂ ਉਮੀਦ ਦੀ ਬੁੱਕਲ ਅੱਡ-ਅੱਡ ਕੇ ਥੱਕ ਗਿਆ ਪਰ ਉਸਦੀ ਮੁਰਾਦ ਹਮੇਸ਼ਾ ਦੀ ਤਰ੍ਹਾਂ ਸ਼ਿਕਾਇਤ ਦੀ ਬੰਦ ਪੋਟਲੀ ਵਿੱਚ ਹੀ ਘੁਟਦੀ ਰਹਿ ਗਈ। ਮਹਾਤਮਾ ਬੁੱਧ ਨੂੰ ਹਾਲਾਂਕਿ ਸ਼ਿਕਾਇਤ ਕਰਤਾ ਭਿਖਸ਼ੂ ਨੇ ਬੜੀ ਦਲੀਲ ਦੇ ਕੇ ਕਿਹਾ ਸੀ ਕਿ ਹੇ ਤਥਾਗਤ ਆਪ ਮਾਤਲੀ ਦੇ ਸੁਧਰਨ ਦੀ ਉਮੀਦ ਛੱਡ ਦਿਓ ਕਿਉਂਕਿ ਕੋਈ ਡੱਡੂ ਨੂੰ ਚਿੱਕੜ 'ਚੋਂ ਕੱਢ ਕੇ ਚਾਹੇ ਜਿੰਨੇ ਮਰਜੀ ਸੋਹਣੇ ਸਿੰਘਾਸਨ 'ਤੇ ਬਿਠਾ ਦੇਵੇ ਪਰ ਉਹ ਛਾਲਾਂ ਮਾਰਨ ਦੀ ਪ੍ਰਵਿਰਤੀ ਨਹੀਂ ਛੱਡਦਾ। ਦੂਜੇ ਹੀ ਪਲ ਛਾਲ ਮਾਰ ਕੇ ਫਿਰ ਚਿੱਕੜ ਵਿੱਚ ਜਾ ਬਹਿੰਦਾ ਹੈ। ਮਹਾਤਮਾ ਬੁੱਧ ਇਹ ਸੁਣਦੇ ਹੀ ਜਿਵੇਂ ਇੱਕਟਕ ਉਸ ਸ਼ਿਕਾਇਤ ਕਰਤਾ ਭਿਖਸ਼ੂ ਨੂੰ ਦੇਖਣ ਲੱਗੇ। ਉਹ ਉਸਨੂੰ ਸੁਆਲ ਕਰਦੇ ਹਨ ਕਿ ਹੇ ਭਿਖਸ਼ੂ ਪ੍ਰਚਾਰ ਦੌਰਾਨ ਕੀ ਤੁਸੀਂ ਲੋਕਾਂ ਦੇ ਘਰਾਂ ਵਿੱਚ ਦੇਵੀ-ਦੇਵਤਿਆਂ ਜਾਂ ਹੋਰ ਮਹਾਂਪੁਰਸ਼, ਅਵਤਾਰਾਂ ਦੀਆਂ ਤਸਵੀਰਾਂ ਨਹੀਂ ਦੇਖੀਆਂ ਜਿਵੇਂ ਭਗਵਾਨ ਸ਼ਿਵ, ਵਿਸ਼ਨੂੰ ਜੀ ਆਦਿ।

ਭਿਖਸ਼ੂ ਨੇ ਉੱਤਰ ਦਿੱਤਾ ਕਿ ਜੀ ਮਹਾਰਾਜ ਜਰੂਰ ਦੇਖਦੇ ਹਾਂ। ਬੁੱਧ ਬੋਲੇ ਕੀ ਤੁਸੀਂ ਕਦੇ ਦੇਖਿਆ ਹੈ ਕਿ ਭਗਵਾਨ ਸ਼ਿਵ ਆਪਣੇ ਗਲ 'ਚੋਂ ਸੱਪਾਂ ਨੂੰ ਉਤਾਰ ਕੇ ਦੂਰ ਹਟਾਉਂਦੇ ਹਨ? ਕੀ ਉਹ ਸੋਚਦੇ ਹਨ ਕਿ ਸੱਪ ਤਾਂ ਹਮੇਸ਼ਾ ਜਹਿਰ ਹੀ ਦੇਵੇਗਾ ਫਿਰ ਇਸਨੂੰ ਗਲੇ ਲਗਾਉਣ ਦਾ ਕੀ ਲਾਭ? ਭਿਖਸ਼ੂ ਬੋਲਿਆ, 'ਹੇ ਤਥਾਗਤ! ਆਪ ਬਿਲਕੁੱਲ ਸੱਚ ਕਹਿ ਰਹੇ ਹੋ ਪਰ ਮਾਤਲੀ ਨੂੰ ਇੰਨੇ ਸਾਲ ਦੇਖਣ ਤੋਂ ਬਾਅਦ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਇੱਕ ਸੱਪ ਜਹਿਰ ਦੀ ਥਾਂ ਅੰਮ੍ਰਿਤ ਦੇ ਸਕਦਾ ਹੈ, ਸ਼ੇਰ ਮਾਸ ਦਾ ਤਿਆਗ ਕਰਕੇ ਘਾਹ ਖਾ ਸਕਦਾ ਹੈ ਪਰ ਮਾਤਲੀ ਦਾ ਸੁਧਰਨਾ ਅਸੰਭਵ ਹੈ। ਮਹਾਤਮਾ ਬੁੱਧ ਸ਼ਾਇਦ ਇਸ ਤੋਂ ਅੱਗੇ ਨਾ ਤਾਂ ਕੁਝ ਸੁਣਨਾ ਚਾਹੁੰਦੇ ਸਨ ਅਤੇ ਨਾ ਹੀ ਕੁਝ ਬੋਲਣਾ। ਤਾਂ ਹੀ ਤਾਂ ਉਹ ਅੱਖਾਂ ਬੰਦ ਕਰਕੇ ਧਿਆਨ ਦੀ ਅਵਸਥਾ ਵਿੱਚ ਚਲੇ ਗਏ। ਜੋ ਉਹਨਾਂ ਦੇ ਇਕਾਂਤ ਹੋ ਜਾਣ ਦਾ ਸੰਕੇਤ ਸੀ। ਸ਼ਿਕਾਇਤ ਕਰਤਾ ਭਿਖਸ਼ੂ ਆਪਣਾ ਜਿਹਾ ਮੂੰਹ ਲੈ ਕੇ ਉਹਨਾਂ ਦੀ ਕੁਟੀਆ ਵਿੱਚੋਂ ਬਾਹਰ ਆ ਗਿਆ।

ਹਾਲੇ ਸ਼ਾਇਦ ਇੱਕ ਘੰਟਾ ਹੀ ਗੁਜਰਿਆ ਹੋਵੇਗਾ ਕਿ ਮਹਾਤਮਾ ਬੁੱਧ ਜੀ ਬਗੀਚੇ ਵਿੱਚ ਟਹਿਲਣ ਲਈ ਆ ਗਏ। ਸ਼ਿਕਾਇਤ ਕਰਤਾ ਭਿਖਸ਼ੂ ਵੀ ਉਹਨਾਂ ਨੂੰ ਦੇਖ ਕੇ ਦਰਸ਼ਨਾਂ ਲਈ ਦੌੜ ਪਿਆ ਪਰੰਤੂ ਸਾਹਮਣੇ ਦਾ ਦ੍ਰਿਸ਼ ਦੇਖ ਕੇ ਉਸਦੇ ਸੀਨੇ ਵਿੱਚ ਭਾਂਬੜ ਮੱਚ ਗਿਆ ਕਿਉਂਕਿ ਸਾਹਮਣੇ ਸਿਰਫ ਮਹਾਤਮਾ ਬੁੱਧ ਨਹੀਂ ਬਲਕਿ ਮਾਤਲੀ ਵੀ ਸੀ। ਜਿਸਦੇ ਮੋਢੇ 'ਤੇ ਹੱਥ ਰੱਖ ਕੇ ਮਹਾਤਮਾ ਬੁੱਧ ਜੀ ਇੰਝ ਚੱਲ ਰਹੇ ਸਨ ਜਿਵੇਂ ਉਸਦਾ ਅਤੇ ਮਹਾਤਮਾ ਬੁੱਧ ਜੀ ਦਾ ਬਹੁਤ ਗੂੜ੍ਹਾ ਪਿਆਰ ਹੋਵੇ ਉਹ ਵੀ ਕਿਸੇ ਚੰਗੇ ਮਿੱਤਰ ਵਰਗਾ। ਭਿਖਸ਼ੂ ਹੈਰਾਨ ਸੀ ਕਿ ਆਖਿਰ ਮਾਤਲੀ ਨੇ ਮਹਾਤਮਾ ਬੁੱਧ ਜੀ ਨੂੰ ਅਜਿਹਾ ਕੀ ਦਿੱਤਾ ਹੈ ਕਿ ਜੋ ਉਸ ਉੱਪਰ ਕੋਈ ਕਾਰਵਾਈ ਹੋ ਹੀ ਨਹੀਂ ਰਹੀ? ਕੀ ਇਸ ਤਰ੍ਹਾਂ ਮਾਤਲੀ ਵਿਗੜਨ ਦੀ ਸੀਮਾ ਵੱਲ ਹੋਰ ਅੱਗੇ ਨਹੀਂ ਵਧ ਜਾਵੇਗਾ? ਇਸ ਨੂੰ ਦੇਖ ਕੇ ਤਾਂ ਹੋਰ ਭਿਖਸ਼ੂਆਂ ਨੂੰ ਵੀ ਗਲਤ ਪ੍ਰੇਰਣਾ ਮਿਲੇਗੀ ਕਿਉਂਕਿ ਜੇਕਰ ਹਾਥੀ ਮਾਰ ਕੇ ਵੀ ਸਜਾ ਦੀ ਬਜਾਇ ਪਿਆਰ ਮਿਲ ਰਿਹਾ ਹੈ ਤਾਂ ਭਲਾ ਉਸ ਨੂੰ ਕੀੜੀ ਦੇ ਮਾਰਨ ਦਾ ਕੀ ਦੁੱਖ ਹੋ ਸਕਦਾ ਹੈ?

ਇੱਧਰ ਭਿਖਸ਼ੂ ਦੇ ਮਨ ਵਿੱਚ ਇਹ ਸੁਆਲ ਉੱਠਿਆ ਹੀ ਸੀ ਕਿ ਮਹਾਤਮਾ ਬੁੱਧ ਜੀ ਦੇ ਕਦਮ ਇੱਕਦਮ ਠਿਠਕ ਗਏ। ਉਹਨਾਂ ਨੇ ਤੁਰੰਤ ਆਪਣੀ ਨਜਰ ਉਸ ਅਸੰਤੁਸ਼ਟ ਭਿਖਸ਼ੂ 'ਤੇ ਟਿਕਾ ਦਿੱਤੀ। ਇੱਕ ਵਾਰ ਤਾਂ ਉਸ ਭਿਖਸ਼ੂ ਦੀ ਜਾਨ ਹੀ ਨਿਕਲ ਗਈ ਬੇਸ਼ੱਕ ਮਹਾਤਮਾ ਬੁੱਧ ਜੀ ਬੋਲੇ ਤਾਂ ਕੁਝ ਨਹੀਂ ਪਰ ਅੱਖਾਂ ਹੀ ਅੱਖਾਂ ਵਿੱਚ ਉਸਨੂੰ ਬਹੁਤ ਕੁਝ ਕਹਿ ਦਿੱਤਾ ਕਿ ਹੇ ਭਿਖਸ਼ੂ! ਮੈਂ ਜਾਣਦਾ ਹਾਂ ਕਿ ਮਾਤਲੀ ਗੁਨਾਹਗਾਰ ਹੈ। ਸੰਘ ਵਿੱਚ ਉਸਦਾ ਆਚਰਣ ਅੱਖ ਵਿੱਚ ਪਏ ਕਣ ਵਰਗਾ ਹੈ ਪਰ ਕੀ ਉਸ 'ਤੇ ਨਜਰ ਰੱਖਣੀ ਜਾਂ ਉਸਨੂੰ ਸਹੀ ਰਸਤੇ 'ਤੇ ਲੈ ਕੇ ਆਉਣਾ ਮੇਰਾ ਕੰਮ ਹੈ ਜਾਂ ਤੇਰਾ? ਮੈਂ ਮਾਤਲੀ ਦੀਆਂ ਵਧੀਕੀਆਂ ਤੋਂ ਇਨਕਾਰ ਨਹੀਂ ਕਰਦਾ ਪਰ ਕੀ ਤੇਰੇ ਮਨ ਦੀ ਚਾਦਰ ਬਿਲਕੁੱਲ ਪਾਕ-ਸਾਫ ਹੈ? ਸਭ ਲੋਕ ਇਸ ਗੱਲ ਨੂੰ ਜਾਣਦੇ ਹਨ ਕਿ ਭਗਤੀ ਮਾਰਗ 'ਤੇ ਤੂੰ ਗੁਰੂ ਭਗਤੀ ਅਤੇ ਦੁਨੀਆਂ ਨੂੰ ਬਹੁਤ ਕੁਝ ਸਮਝਾਉਂਦਾ ਹੈਂ, ਪਰ ਕੀ ਤੈਨੂੰ ਸਾਰੀ ਸਮਝ ਹੈ? ਗੁਰੂ ਭਗਤੀ ਕਹਿੰਦੀ ਹੈ ਕਿ ਗੁਰੂ ਦਾ ਕੋਈ ਵੀ ਕੰਮ ਕਦੇ ਗਲਤ ਨਹੀਂ ਹੁੰਦਾ। ਉਹ ਜੋ ਵੀ, ਜਦੋਂ ਵੀ, ਜਿੱਥੇ ਵੀ ਕਰੇ, ਉਹੀ ਸੱਚ ਹੁੰਦਾ ਹੈ। ਉਸਦਾ ਕਿਸੇ ਨੂੰ ਜੀਵਨ ਦੇਣਾ ਤਾਂ ਜੀਵਨ ਹੁੰਦਾ ਹੀ ਹੈ ਸਗੋਂ ਮੌਤ ਦੇਣਾ ਵੀ ਜੀਵਨ ਦੇਣਾ ਹੀ ਹੁੰਦਾ ਹੈ। ਪਰੰਤੂ ਇਹ ਸਭ ਕੁਝ ਸੰਸਾਰਿਕ ਬੁੱਧੀ ਨਾਲ ਸਮਝਣਾ ਠੀਕ ਉਵੇਂ ਹੀ ਹੈ ਜਿਵੇਂ ਮੱਛਰ 'ਤੇ ਸਵਾਰ ਹੋ ਕੇ ਅਸਮਾਨ ਮਾਪਣ ਨਿਕਲਣਾ। ਤੂੰ ਤਾਂ ਮੈਨੂੰ ਹਮੇਸ਼ਾ

MAGZTER
MAGZTER
Clipped from - Akhand Gyan - Punjabi - June 2020
Read it digitally on the Magzter app

ਭਗਵਾਨ ਬੁੱਧ ਕਹਿ ਕੇ ਸੰਬੋਧਿਤ ਕਰਦਾ ਹੈਂ ਜੇਕਰ ਤੈਨੂੰ ਪਤਾ ਹੈ ਕਿ ਮੈਂ ਭਗਵਾਨ ਹਾਂ ਤਾਂ ਮੇਰੀ ਕਿਸੇ ਵੀ ਲੀਲਾ 'ਤੇ ਤੈਨੂੰ ਇਤਰਾਜ ਕਿਉਂ? ਕਿਉਂਕਿ ਭਗਵਾਨ ਤਾਂ ਕਦੇ ਗਲਤ ਕਰ ਹੀ ਨਹੀਂ ਸਕਦਾ ਫਿਰ ਮਾਤਲੀ ਜਾਂ ਮੈਨੂੰ ਦੇਖਣ ਦੀ ਬਜਾਇ ਤੂੰ ਕਿਉਂ ਨਾ ਖੁਦ ਨੂੰ ਵੀ ਦੇਖਣ ਦੀ ਖੇਚਲ ਕਰੋਂ। ਮੈਂ ਇਹ ਨਹੀਂ ਕਹਿ ਰਿਹਾ ਕਿ ਤੈਨੂੰ ਕਦੇ ਕਿਸੇ ਦੀ ਗਲਤੀ ਮੈਨੂੰ ਨਹੀਂ ਦੱਸਣੀ ਚਾਹੀਦੀ। ਜਰੂਰ ਦੱਸਣੀ ਚਾਹੀਦੀ ਹੈ ਇਹ ਤਾਂ ਤੇਰਾ ਪਹਿਲਾ ਫਰਜ ਹੈ ਪਰੰਤੂ ਮੈਨੂੰ ਸੂਚਿਤ ਕਰਨ ਤੋਂ ਬਾਅਦ ਤੇਰਾ ਕੰਮ ਖਤਮ ਹੋ ਜਾਂਦਾ ਹੈ। ਇਸ ਤੋਂ ਬਾਅਦ ਮੇਰਾ ਕੰਮ ਸ਼ੁਰੂ ਹੁੰਦਾ ਹੈ। ਮੈਂ ਉਸਨੂੰ ਦੰਡ ਦਿੰਦਾ ਹਾਂ ਜਾਂ ਨਹੀਂ ਇਹ ਨਿਰਣਾ ਕਰਨਾ ਮੇਰਾ ਕੰਮ ਹੈ। ਤੂੰ ਆਪਣਾ ਕੰਮ ਪੂਰਾ ਕਰ ਲਿਆ ਅਤੇ ਤੈਨੂੰ ਫਿਰ ਤੋਂ ਆਪਣੀ ਸੇਵਾ ਵਿੱਚ ਲੱਗ ਜਾਣਾ ਚਾਹੀਦਾ ਹੈ। ਗੁਰੂ ਦੀ ਲੀਲਾ ਤਾਂ ਵੱਡੇ-ਵੱਡੇ ਰਿਸ਼ੀ ਮੁਨੀ ਵੀ ਨਹੀਂ ਸਮਝ ਸਕੇ ਫਿਰ ਤੂੰ ਤਾਂ ਹਾਲੇ ਬਹੁਤ ਲੰਮਾ ਸਫਰ ਤੈਅ ਕਰਨਾ ਹੈ।

ਮਹਾਤਮਾ ਬੁੱਧ ਅੱਖਾਂ ਹੀ ਅੱਖਾਂ ਵਿੱਚ ਬਹੁਤ ਕੁਝ ਕਹਿ ਗਏ ਪਰ ਉਹ ਭਿਖਸ਼ੂ ਕੁਝ ਨਾ ਸੁਣ ਸਕਿਆ। ਸੁਣਦਾ ਵੀ ਕਿਵੇਂ ਕਿਉਂਕਿ ਇਸ ਸਮੇਂ ਉਸਦਾ ਸਾਰਾ ਜੋਰ ਤਾਂ ਸੁਣਾਉਣ ਵਿੱਚ ਲੱਗਾ ਸੀ। ਦਰਅਸਲ ਗੁਰੂ ਨੂੰ ਕਿਸੇ ਦੀ ਗਲਤ ਗੱਲ ਬਾਰੇ ਦੱਸਣਾ ਸ਼ਿਸ਼ ਦਾ ਧਰਮ ਹੈ ਪਰ ਨਿਆਂ ਜਾਂ ਅਨਿਆਂ ਕਰਨ ਨੂੰ ਆਪਣੇ ਮੱਤ ਅਨੁਸਾਰ ਸੋਚਣਾ ਅਤੇ ਆਪਣੀ ਸੋਚ 'ਤੇ ਹੋਰ ਦ੍ਰਿੜ ਹੁੰਦੇ ਜਾਣਾ ਸ਼ਿਸ਼ ਦੇ ਪਤਨ ਦਾ ਕਾਰਨ ਬਣਦਾ ਹੈ। ਉਸ ਅਸੰਤੁਸ਼ਟ ਭਿਖਸ਼ੂ ਨੂੰ ਹੁਣ ਇਸ ਤੱਥ ਨਾਲ ਵਾਸਤਾ ਨਹੀਂ ਰਹਿ ਗਿਆ ਸੀ ਕਿ ਮਾਤਲੀ ਚੰਗਾ ਨਹੀਂ ਸਗੋਂ ਉਸਦੀ ਸਾਰੀ ਇਕਾਗਰਤਾ ਇਸ ਤੱਥ 'ਤੇ ਸੀ ਕਿ ਆਖਿਰ ਗੁਰੂਦੇਵ ਇਸਦਾ ਪੱਖ ਲੈਣ ਵਰਗਾ ਵਿਵਹਾਰ ਕਿਉਂ ਕਰ ਰਹੇ ਹਨ। ਸ਼ਿਕਾਇਤ ਕਰਤਾ ਦੇ ਮਨ ਵਿੱਚ ਮਾਤਲੀ ਅਤੇ ਗੁਰੂ ਲਈ ਤਾਂ ਸ਼ਿਕਾਇਤ ਉੱਠ ਰਹੀ ਸੀ ਪਰ ਖੁਦ ਦੇ ਪ੍ਰਤੀ ਉਸਨੂੰ ਕੋਈ ਸ਼ਿਕਾਇਤ ਨਹੀਂ ਸੀ।

ਮਹਾਤਮਾ ਬੁੱਧ ਸਮਝ ਗਏ ਕਿ ਹੋ ਸਕਦਾ ਹੈ ਕਿ ਮਾਤਲੀ ਪਤਨ ਦੇ ਰਸਤੇ ਤੋਂ ਬਚ ਜਾਵੇ ਪਰ ਇਹ ਭਿਖਸ਼ੂ ਜਰੂਰ ਹੀ ਆਪਣੀ ਸਾਧਨਾ ਨੂੰ ਸ਼ਿਕਾਇਤ ਬਣਾ ਬੈਠੇਗਾ। ਉਸ ਭਿਖਸ਼ੂ ਦੇ ਦਿਲ ਵਿੱਚ ਚੁੱਭੇ ਕੰਡੇ ਨੂੰ ਮਹਾਤਮਾ ਬੁੱਧ ਜਲਦ ਤੋਂ ਜਲਦ ਕੱਢ ਦੇਣਾ ਚਾਹੁੰਦੇ ਸਨ ਜਾਂ ਕਹਿ ਲਵੋ ਕਿ ਮਹਾਂਪੁਰਸ਼ਾਂ ਦਾ ਜੀਵਨ ਤਾਂ ਸਾਡੇ ਸਭ ਦੇ ਕੰਡਿਆਂ ਨੂੰ ਕੱਢਣਾ ਹੀ ਹੁੰਦਾ ਹੈ। ਰੁੱਸਿਆ ਭਿਖਸ਼ੂ ਮਨ ਹੀ ਮਨ ਕਮਜੋਰ ਹੋ ਰਿਹਾ ਸੀ ਅਤੇ ਨਾਲ ਹੀ ਤਨ ਤੋਂ ਵੀ ਕਮਜੋਰ ਹੁੰਦਾ ਜਾ ਰਿਹਾ ਸੀ ਕਿਉਂਕਿ ਅੱਜ ਸਵੇਰ ਤੋਂ ਹੀ ਉਸਨੂੰ ਬੁਖਾਰ ਦੀ ਸ਼ਿਕਾਇਤ ਸੀ। ਜਿਸ ਕਾਰਨ ਉਹ ਭਿਖਸ਼ੂ ਆਸ਼ਰਮ ਵਿੱਚ ਬਣੇ ਦਵਾਖਾਨੇ ਵਿੱਚ ਦਵਾਈ ਲੈਣ ਪਹੁੰਚ ਗਿਆ। ਮੌਸਮ ਬਦਲਣ ਕਾਰਨ ਹੋਰ ਕਈ ਭਿਖਸ਼ੂ ਵੀ ਉੱਥੇ ਬੈਠੇ ਸਨ। ਉਸ ਭਿਖਸ਼ੂ ਦੀ ਹਾਲੇ ਵਾਰੀ ਆਈ ਹੀ ਸੀ ਕਿ ਉਸੇ ਵਕਤ ਇੱਕ ਹੋਰ ਅਤਿਅੰਤ ਬੁਖਾਰ ਵਾਲੇ ਭਿਖਸ਼ੂ ਨੂੰ ਸਾਥੀ ਭਿਖਸ਼ੂ ਲੈ ਕੇ ਆ ਗਏ।

ਵੈਦਰਾਜ ਨੇ ਇੰਤਜਾਰ 'ਚ ਬੈਠੇ ਇਸ ਭਿਖਸ਼ੂ ਨੂੰ ਛੱਡ ਕੇ ਤੁਰੰਤ ਗੰਭੀਰ ਰੋਗੀ ਭਿਖਸ਼ੂ ਦੀ ਦਵਾ ਦਾਰੂ ਆਰੰਭ ਕਰ ਦਿੱਤੀ। ਇਹ ਦੇਖ ਕੇ ਉਸਨੂੰ ਬਹੁਤ ਬੁਰਾ ਲੱਗਾ। ਭਰਿਆ ਪੀਤਾ ਤਾਂ ਉਹ ਪਹਿਲਾਂ ਹੀ ਬੈਠਾ ਸੀ ਅਤੇ ਇਸ ਘਟਨਾ ਨੇ ਉਸਦਾ ਗੁੱਸਾ ਜੱਗ ਜਾਹਿਰ ਕਰ ਦਿੱਤਾ। 'ਮਾਫ ਕਰਨਾ ਵੈਦ ਜੀ ਮੈਂ ਕਦੋਂ ਦਾ ਬੈਠਾ ਹਾਂ ਅਤੇ ਮੈਨੂੰ ਛੱਡ ਕੇ ਤੁਸੀਂ ਪਹਿਲਾਂ ਇਸ ਭਿਖਸ਼ੂ ਨੂੰ ਕਿਉਂ ਦਵਾਈ ਦੇਣ ਲੱਗ ਪਏ? ਜਦ ਕਿ ਇਸ ਨੇ ਤਾਂ ਹਾਲੇ ਦਵਾਖਾਨੇ ਵਿੱਚ ਕਦਮ ਰੱਖਿਆ ਹੀ ਸੀ।' ਵੈਦਰਾਜ ਨੇ ਉਸ ਭਿਖਸ਼ੂ ਨੂੰ ਸਿਰਫ ਦੇਖਿਆ ਅਤੇ ਬੁੱਲ੍ਹਾਂ 'ਤੇ ਉਂਗਲੀ ਰੱਖ ਕੇ ਚੁੱਪ ਹੋਣ ਦਾ ਇਸ਼ਾਰਾ ਕੀਤਾ। ਇਸ ਗੱਲ ਤੋਂ ਭਿਖਸ਼ੂ ਹੋਰ ਭੜਕ ਗਿਆ ਅਤੇ ਆਪੇ ਤੋਂ ਬਾਹਰ ਹੋ ਗਿਆ। 'ਇਹ ਕੀ ਮਤਲਬ ਹੋਇਆ, ਕੀ ਮੈਂ ਬਿਮਾਰ ਨਹੀਂ? ਜਿਹੜੇ ਪਹਿਲਾਂ ਆਏ ਉਹਨਾਂ ਨੂੰ ਪਹਿਲਾਂ ਦੇਖਣਾ ਚਾਹੀਦਾ ਹੈ ਜਾਂ ਕਿਸੇ ਤੋਂ ਵੀ ਸ਼ੁਰੂ ਕਰ ਦੇਵੋ..!'

ਮੈਂ ਇਹ ਨਹੀਂ ਕਹਿ ਰਿਹਾ ਕਿ ਤੈਨੂੰ ਕਦੇ ਕਿਸੇ ਦੀ ਗਲਤੀ ਮੈਨੂੰ ਨਹੀਂ ਦੱਸਣੀ ਚਾਹੀਦੀ। ਜਰੂਰ ਦੱਸਣੀ ਚਾਹੀਦੀ ਹੈ ਇਹ ਤਾਂ ਤੇਰਾ ਪਹਿਲਾ ਫਰਜ ਹੈ ਪਰੰਤੂ ਮੈਨੂੰ ਸੂਚਿਤ ਕਰਨ ਤੋਂ ਬਾਅਦ ਤੇਰਾ ਕੰਮ ਖਤਮ ਹੋ ਜਾਂਦਾ ਹੈ। ਇਸ ਤੋਂ ਬਾਅਦ ਮੇਰਾ ਕੰਮ ਸ਼ੁਰੂ ਹੁੰਦਾ ਹੈ। ਮੈਂ ਉਸਨੂੰ ਦੰਡ ਦਿੰਦਾ ਹਾਂ ਜਾਂ ਨਹੀਂ ਇਹ ਨਿਰਣਾ ਕਰਨਾ ਮੇਰਾ ਕੰਮ ਹੈ।

ਵੈਦਰਾਜ ਨੇ ਦੇਖਿਆ ਕਿ ਭਿਖਸ਼ੂ ਪ੍ਰਸਥਿਤੀ ਨਹੀਂ ਸਮਝ ਰਿਹਾ ਉਹ ਕਹਿਣ ਲੱਗੇ- 'ਹੇ ਭਿਖਸ਼ੂ! ਆਪ ਕਿਉਂ ਨਹੀਂ ਸਮਝ ਰਹੇ, ਸੁਆਲ ਪਹਿਲਾਂ ਜਾਂ ਬਾਅਦ 'ਚ ਆਉਣ ਦਾ ਨਹੀਂ ਬਲਕਿ ਇਹ ਹੈ ਕਿ ਕੌਣ ਜਿਆਦਾ ਗੰਭੀਰ ਰੋਗੀ ਹੈ ਅਤੇ ਕੌਣ ਘੱਟ।' ਭਿਖਸ਼ੂ ਤੋਂ ਇਹ ਸਹਿਣ ਨਾ ਹੋਇਆ ਅਤੇ ਉਸਦਾ ਕ੍ਰੋਧ ਸੱਤਵੇਂ ਅਸਮਾਨ 'ਤੇ ਪਹੁੰਚ ਗਿਆ। ਉਹ ਗੁੱਸੇ 'ਚ ਪੈਰ ਪਟਕਦਾ ਦਵਾਖਾਨੇ 'ਚੋਂ ਬਾਹਰ ਚੱਲ ਪਿਆ। ਹਨੇਰੀ ਤੂਫਾਨ ਬਣ ਕੇ ਜਿਉਂ ਹੀ ਉਸਨੇ ਦਵਾਖਾਨੇ ਤੋਂ ਬਾਹਰ ਪੈਰ ਰੱਖੇ ਤਾਂ ਉਹ ਇੱਕਦਮ ਠਿਠਕ ਗਿਆ। ਨਾ ਚਾਹੁੰਦੇ ਹੋਏ ਵੀ ਉਸਨੂੰ ਆਪਣਾ ਗੁੱਸਾ ਪੀਣਾ ਪਿਆ। ਨਜਰਾਂ ਥੱਲੇ ਝੁਕ ਗਈਆਂ ਅਤੇ ਭਿਖਸ਼ੂ ਆਪਣੇ ਸਾਹਮਣੇ ਖੜ੍ਹੇ ਮਹਾਤਮਾ ਬੁੱਧ ਜੀ ਦੇ ਚਰਨਾਂ 'ਚ ਦੰਡਵਤ ਲੇਟ ਗਿਆ।

'ਉਠੋ ਪੁੱਤਰ' ਮਹਾਤਮਾ ਬੁੱਧ ਜੀ ਭਿਖਸ਼ੂ ਨੂੰ ਉਠਾਉਂਦੇ ਹੋਏ ਬੋਲੇ, 'ਸ਼ਾਂਤ ਹੋ ਜਾ ਪੁੱਤਰ ਅਤੇ ਜਰਾ ਠੰਡੇ ਦਿਮਾਗ ਨਾਲ ਸੋਚ ਕਿ ਵੈਦਰਾਜ ਜੀ ਦੀ ਜਰੂਰਤ ਪਹਿਲਾਂ ਕਿਸ ਨੂੰ ਸੀ ਤੈਨੂੰ ਜਾਂ ਫਿਰ

MAGZTER
MAGZTER
Clipped from - Akhand Gyan - Punjabi - June 2020
Read it digitally on the Magzter app

ਅੰਤਿਮ ਸਾਹ ਗਿਣ ਰਹੇ ਉਸ ਗੰਭੀਰ ਭਿਖਸ਼ੂ ਨੂੰ?' ਭਿਖਸ਼ੂ ਬੜੀ ਮੱਧਮ ਜਿਹੀ ਅਵਾਜ ਵਿੱਚ ਬੋਲਿਆ ਕਿ ਤਥਾਗਤ ਜਰੂਰਤ ਤਾਂ ਪਹਿਲਾਂ ਉਸਨੂੰ ਹੀ ਸੀ। 'ਕੀ ਤੇਰਾ ਵੈਦਰਾਜ ਜਾਂ ਉਸ ਰੋਗੀ ਭਿਖਸ਼ੂ 'ਤੇ ਗੁੱਸਾ ਕਰਨਾ ਸਹੀ ਸੀ ਜਾਂ ਗਲਤ?' ਮਹਾਤਮਾ ਬੁੱਧ ਬੋਲੇ। ਉੱਤਰ ਮਿਲਿਆ, 'ਜੀ ਪ੍ਰਭੂ ਗਲਤ ਹੀ ਸੀ?' 'ਹੇ ਭਿਖਸ਼ੂ! ਤੂੰ ਤਾਂ ਦਵਾਈ ਲੈ ਕੇ ਆਪਣੀ ਕੁਟੀਆ ਵਿੱਚ ਚਲਾ ਜਾਵੇਂਗਾ ਪਰ ਉਸ ਰੋਗੀ ਭਿਖਸ਼ੂ ਨੂੰ ਤਾਂ ਵੈਦਰਾਜ ਆਪਣੇ ਦਵਾਖਾਨੇ ਵਿੱਚ ਦਾਖਿਲ ਹੀ ਕਰ ਲਵੇਗਾ। ਤੈਨੂੰ ਸ਼ਾਇਦ ਬਾਅਦ ਵਿੱਚ ਤੇਰੀ ਸਿਹਤ ਬਾਰੇ ਪੁੱਛੇ ਵੀ ਨਾ ਪਰ ਉਸ ਦਾਖਿਲ ਭਿਖਸ਼ੂ ਕੋਲ ਤਾਂ ਵੈਦਰਾਜ ਵਾਰ-ਵਾਰ ਜਾਵੇਗਾ। ਕਿਉਂ ਸਹੀ ਹੈ ਨਾ?' ਭਿਖਸ਼ੂ ਨੇ ਉੱਤਰ ਦਿੱਤਾ, 'ਬਿਲਕੁੱਲ ਸਹੀ ਤਥਾਗਤ।'

ਭਿਖਸ਼ੂ ਦੇ ਮੂੰਹੋਂ ਇਹ ਸੁਣਦੇ ਹੀ ਤਥਾਗਤ ਦੇ ਚਿਹਰੇ 'ਤੇ ਮੁਸਕਾਨ ਜਿਹੀ ਛਾ ਗਈ ਅਤੇ ਤਥਾਗਤ ਬੋਲੇ, 'ਜੇ ਇਹ ਸਹੀ ਹੈ ਤਾਂ ਫਿਰ ਮੈਂ ਅਤੇ ਮਾਤਲੀ ਗਲਤ ਕਿਵੇਂ?' ਭਿਖਸ਼ੂ ਨੇ ਸੁਣਿਆ ਤਾਂ ਜਿਵੇਂ ਤੀਰ ਸਿੱਧਾ ਉਸਦੇ ਕਲੇਜੇ 'ਚ ਜਾ ਵੱਜਿਆ। ਹੈਂ!....ਤਥਾਗਤ ਇਹ ਕੀ ਕਹਿ ਰਹੇ ਹਨ? ਦਵਾਈ ਦੀ ਘਟਨਾ ਕੀ ਸਿਰਫ ਬਹਾਨਾ ਸੀ? ਭਿਖਸ਼ੂ ਨਜਰਾਂ ਹੀ ਨਜਰਾਂ 'ਚ ਕਈ ਸੁਆਲ ਕਹਿ ਗਿਆ ਅਤੇ ਉਹਨਾਂ ਦਾ ਜਵਾਬ ਉਹ ਤਥਾਗਤ ਦੀਆਂ ਨਜਰਾਂ 'ਚੋਂ ਲੱਭ ਰਿਹਾ ਸੀ। ਤਥਾਗਤ ਉਸਦੇ ਮੋਢੇ 'ਤੇ ਹੱਥ ਰੱਖਦੇ ਹੋਏ ਕਹਿਣ ਲੱਗੇ ਕਿ ਹੇ ਮੇਰੇ ਪਿਆਰੇ ਭਿਖਸ਼ੂ! ਮਾਤਲੀ ਜਿਆਦਾ ਬਿਮਾਰ ਹੈ ਉਸਨੂੰ ਜਿਆਦਾ ਸਮਾਂ ਦੇਣਾ ਪਵੇਗਾ ਅਤੇ ਪਿਆਰ ਵੀ ਜਿਆਦਾ ਦੇਣਾ ਪਵੇਗਾ ਕਿਉਂਕਿ ਮਰੀਜ ਦੇ ਜਖਮਾਂ 'ਤੇ ਕੁਝ ਸਮੇਂ ਬਾਅਦ ਮੱਲ੍ਹਮ ਲਗਾਉਣੀ ਪੈਂਦੀ ਹੈ। ਮੈਂ ਜਾਣਦਾ ਹਾਂ ਕਿ ਉਸਦਾ ਵਿਵਹਾਰ ਬਹੁਤ ਬੁਰਾ ਹੈ, ਮੇਰੀ ਹਰ ਆਗਿਆ ਦਾ ਉਲੰਘਣ ਕਰਦਾ ਹੈ ਪਰੰਤੂ ਸੱਚ ਇਹ ਵੀ ਹੈ ਕਿ ਮੈਂ ਹਾਲੇ ਵੀ ਉਸਦੇ ਅੰਦਰ ਕੁਝ ਸ਼ੁੱਭ ਸੰਸਕਾਰਾਂ ਦੇ ਬੀਜ ਦੇਖ ਰਿਹਾ ਹਾਂ। ਇਸ ਲਈ ਮੇਰੀ ਪੁਰਜੋਰ ਕੋਸ਼ਿਸ਼ ਹੈ ਕਿ ਮੈਂ ਉਹਨਾਂ ਬੀਜਾਂ ਨੂੰ ਪ੍ਰਫੁੱਲਿਤ ਕਰਾਂ ਤਾਂ ਕਿ ਉਹ ਆਪਣੇ ਭਗਤੀ ਮਾਰਗ 'ਤੇ ਅੱਗੇ ਵਧ ਸਕੇ। ਪੁੱਤਰ ਸਾਡੀਆਂ ਦੋ ਅੱਖਾਂ 'ਚੋਂ ਜੇਕਰ ਇੱਕ ਖਤਮ ਹੋ ਜਾਵੇ ਤਾਂ ਅਸੀਂ ਦੂਸਰੀ ਅੱਖ ਦਾ ਖਾਸ ਧਿਆਨ ਰੱਖਦੇ ਹਾਂ ਜਾਂ ਉਸਨੂੰ ਵੀ ਫੋੜ ਦਿੰਦੇ ਹਾਂ? ਭਿਖਸ਼ੂ ਨੇ ਜਵਾਬ ਦਿੱਤਾ ਕਿ ਪ੍ਰਭੂ ਜਾਹਿਰ ਹੈ ਅਸੀਂ ਦੂਸਰੀ ਅੱਖ ਦਾ ਪੂਰਾ ਖਿਆਲ ਰੱਖਦੇ ਹਾਂ। ਮਹਾਤਮਾ ਬੁੱਧ ਜੀ ਮੁਸਕੁਰਾਉਂਦੇ ਹੋਏ ਕਹਿਣ ਲੱਗੇ ਕਿ ਇਸ ਲਈ ਮੈਂ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹਾਂ ਕਿ ਮੈਂ ਮਾਤਲੀ ਨੂੰ ਜਾਗ੍ਰਿਤ ਕਰਾਂ ਅਤੇ ਉਸਨੂੰ ਵੀ ਇੱਕ ਚੰਗਾ ਇਨਸਾਨ ਬਣਾ ਕੇ ਸੰਘ ਦੇ ਪ੍ਰਚਾਰ ਪ੍ਰਸਾਰ ਲਈ ਤੇਰੇ ਵਾਂਗ ਦੇਸ਼-ਵਿਦੇਸ਼ਾਂ ਵਿੱਚ ਭੇਜਾਂ। ਭਿਖਸ਼ੂ ਮੌਨ ਸੀ ਅਤੇ ਉਹ ਭਰੀਆਂ ਅੱਖਾਂ ਨਾਲ ਤਥਾਗਤ ਨੂੰ ਸਿਰਫ ਨਿਹਾਰ ਰਿਹਾ ਸੀ ਅਤੇ ਹੁਣ ਉਸਦੇ ਮਨ ਵਿੱਚ ਕੋਈ ਸ਼ਿਕਾਇਤ ਜਾਂ ਸ਼ੰਕਾ ਰੂਪੀ ਬੱਦਲ ਨਹੀਂ ਸੀ। ਤਥਾਗਤ ਨੇ ਆਪਣੇ ਪਰਮ ਪ੍ਰਕਾਸ਼ ਨਾਲ ਉਸਦੇ ਮਨ 'ਤੇ ਛਾਏ ਸਾਰੇ ਬੱਦਲਾਂ ਨੂੰ ਸਾਫ ਕਰ ਦਿੱਤਾ ਸੀ। ਉਸਨੂੰ ਸਮਝ ਆ ਗਈ ਸੀ ਕਿ ਗੁਰੂ ਦਾ ਪਿਆਰ ਵੀ ਸ਼ਿਸ਼ ਦਾ ਉਪਚਾਰ ਹੀ ਕਰਦਾ ਹੈ। ਫਿਰ ਚਾਹੇ ਉਹ ਮਾਨਸਿਕ ਹੋਵੇ, ਆਤਮਿਕ ਹੋਵੇ ਜਾਂ ਸਰੀਰਿਕ।



ਬ੍ਰਹਮ ਗਿਆਨ ਹਿਰਦੇ ਅੰਦਰ ਪਰਮਾਤਮਾ ਦਾ ਪ੍ਰਕਾਸ਼ ਰੂਪ ਵਿੱਚ ਦਰਸ਼ਨ ਕਰਨਾ ਹੈ। ਹਰ ਯੁੱਗ ਦੇ ਪੂਰਨ ਗੁਰੂਆਂ ਨੇ ਜਗਿਆਸੂਆਂ ਨੂੰ ਇਹੀ ਗਿਆਨ ਪ੍ਰਦਾਨ ਕੀਤਾ ਹੈ। ਜਿਸ ਦੀ ਗਵਾਹੀ ਸਾਡੇ ਸਾਰੇ ਹੀ ਧਾਰਮਿਕ ਗ੍ਰੰਥ ਦੇ ਰਹੇ ਹਨ। ਇਸ ਪ੍ਰਕਿਰਿਆ ਦੁਆਰਾ ਗੁਰੂ ਆਪਣੇ ਸੇਵਕ ਦਾ ਦਸਮ ਦੁਆਰ ਖੋਲ੍ਹ ਕੇ ਉਸਨੂੰ ਅੰਤਰਮੁਖੀ ਕਰ ਦਿੰਦਾ ਹੈ ਜਿਸ ਦੁਆਰਾ ਸੇਵਕ ਆਪਣੇ ਘਟ ਅੰਦਰ ਅਨੇਕਾਂ ਹੀ ਅਲੌਕਿਕ ਦਿਵਯ ਅਨੁਭਵਾਂ ਨੂੰ ਪ੍ਰਤੱਖ ਰੂਪ ਵਿੱਚ ਦੇਖਦਾ ਹੈ। 'ਸ੍ਰੀ ਆਸ਼ੂਤੋਸ਼ ਮਹਾਰਾਜ ਜੀ' ਦੀ ਕਿਰਪਾ ਦੁਆਰਾ 'ਦਿਵਯ ਜਯੋਤੀ ਜਾਗ੍ਰਤੀ ਸੰਸਥਾਨ' ਸਮਾਜ ਅੰਦਰ ਇਸੇ ਬ੍ਰਹਮ ਗਿਆਨ ਦਾ ਪ੍ਰਚਾਰ-ਪ੍ਰਸਾਰ ਕਰ ਰਿਹਾ ਹੈ। ਜੇਕਰ ਆਪ ਇਸ ਮਹਾਨ ਗਿਆਨ ਦੀ ਪ੍ਰਾਪਤੀ ਕਰਨਾ ਚਾਹੁੰਦੇ ਹੋ ਤਾਂ ਸੰਸਥਾਨ ਦੀ ਕਿਸੇ ਵੀ ਨਜਦੀਕੀ ਸ਼ਾਖਾ ਨਾਲ ਸੰਪਰਕ ਕਰ ਸਕਦੇ ਹੋ।

MAGZTER
MAGZTER
Clipped from - Akhand Gyan - Punjabi - June 2020
Read it digitally on the Magzter app

ਸ਼ੈਤਾਨ ਦੀ ਧੀ

ਫਰਾਂਸ ਦੇ ਇੱਕ ਮਹਾਨ ਵਿਚਾਰਕ ਆਰਕ ਬਿਸ਼ਪ ਮੀਸ਼ੇਲ ਨੇ ਆਪਣੇ ਵਿਚਾਰਾਂ ਅੰਦਰ ਚਿੰਤਾ ਨੂੰ 'ਸ਼ੈਤਾਨ ਦੀ ਧੀ' ਕਿਹਾ ਹੈ। ਜੋ ਵਿਅਕਤੀ ਇੱਕ ਵਾਰ ਇਸਦੇ ਮੱਕੜ ਜਾਲ ਵਿੱਚ ਫਸ ਜਾਂਦਾ ਹੈ ਉਹ ਇੱਕ ਦਿਨ ਬਿਲਕੁੱਲ ਤਬਾਹ ਹੋ ਜਾਂਦਾ ਹੈ। ਜੋ ਲੋਕ ਹਰ ਵੇਲੇ ਬਿਨਾ ਕਿਸੇ ਕਾਰਨ ਚਿੰਤਾਗ੍ਰਸਿਤ ਰਹਿੰਦੇ ਹਨ ਉਹਨਾਂ ਦਾ ਜੀਵਨ ਇਸ ਤੱਥ ਦਾ ਗਵਾਹ ਹੈ।

ਅਸਲ ਵਿੱਚ ਚਿੰਤਾ ਉਸ ਸਮੇਂ ਆਪਣਾ ਕੰਮ ਸ਼ੁਰੂ ਕਰਦੀ ਹੈ ਜਦੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਪੂਰੀ ਤਰ੍ਹਾਂ ਆਪਣਾ ਸਾਮਰਾਜ ਕਾਇਮ ਕਰ ਲੈਂਦੇ ਹਨ। ਦੂਸਰਾ ਚਿੰਤਾ ਦਾ ਕੋਈ ਇੱਕ ਰੂਪ ਨਹੀਂ ਹੈ ਸਗੋਂ ਇਹ ਕਈ ਰੂਪਾਂ ਵਿੱਚ ਮਨੁੱਖ ਨੂੰ ਗ੍ਰਸਦੀ ਹੈ ਜਿਵੇਂ ਦੈਵਿਕ ਚਿੰਤਾਵਾਂ, ਸਰੀਰਿਕ ਚਿੰਤਾਵਾਂ, ਪਰਿਵਾਰਿਕ, ਵਪਾਰਕ, ਮਾਨਸਿਕ ਅਤੇ ਵਿਅਕਤੀਗਤ ਚਿੰਤਾਵਾਂ ਆਦਿ।

ਮਨੋਵਿਗਿਆਨਕਾਂ ਦੇ ਦ੍ਰਿਸ਼ਟੀਕੋਣ ਅਨੁਸਾਰ ਇਹ ਬਿਮਾਰੀ ਮਨੁੱਖ ਲਈ ਇੱਕ ਚੇਤਾਵਨੀ ਹੈ। ਚਿੰਤਾ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਸਿਰਫ ਚਿੰਤਿਤ ਰਹਿਣ ਵਾਲੇ ਵਿਅਕਤੀ ਨੂੰ ਹੀ ਪ੍ਰੇਸ਼ਾਨ ਨਹੀਂ ਕਰਦੀ ਸਗੋਂ ਇਸਦਾ ਅਸਰ ਉਸਦੇ ਆਸਪਾਸ ਰਹਿਣ ਵਾਲੇ ਵਿਅਕਤੀਆਂ 'ਤੇ ਵੀ ਪੈਂਦਾ ਹੈ ਕਿਉਂਕਿ ਇਸਦੇ ਪਿੱਛੇ ਇੱਕ ਵਿਗਿਆਨਕ ਨਿਯਮ ਕੰਮ ਕਰਦਾ ਹੈ- ਆਪ ਜੋ ਵੀ ਸੋਚਦੇ ਹੋ ਉਸਦੀਆਂ ਤਰੰਗਾਂ ਵਾਤਾਵਰਣ ਵਿੱਚ ਫੈਲਦੀਆਂ ਹਨ ਅਤੇ ਵਾਤਾਵਰਣ ਨੂੰ ਉਹੋ-ਜਿਹਾ ਹੀ ਬਣਾਉਂਦੀਆਂ ਹਨ। ਜਿਵੇਂ ਕਿਸੇ ਤੀਰਥ ਸਥਾਨ ਜਾਂ ਸਤਿਸੰਗ ਸਥਾਨ ਦੀਆਂ ਤਰੰਗਾਂ ਪਵਿੱਤਰ ਹੋਣ ਕਾਰਨ ਸਾਡੇ ਮਨ ਨੂੰ ਪ੍ਰਫੁੱਲਿਤ ਕਰ ਦਿੰਦੀਆਂ ਹਨ। ਠੀਕ ਇਸੇ ਪ੍ਰਕਾਰ ਕਿਸੇ ਸਥਾਨ ਦੀਆਂ ਖਾਸ ਤਰੰਗਾਂ ਸਾਨੂੰ ਬਿਨਾ ਵਜ੍ਹਾ ਚਿੜਚਿੜਾ ਜਾਂ ਗੁਸੈਲ ਵੀ ਬਣਾ ਦਿੰਦੀਆਂ ਹਨ। ਅਰਥਾਤ ਚਿੰਤਾ

ਚਿੰਤਾ ਮਨੁੱਖ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਜੋ ਮਨੁੱਖ ਲਈ ਬਹੁਤ ਹੀ ਦੁਖਦਾਇਕ ਅਤੇ ਖਤਰਨਾਕ ਸਿੱਧ ਹੁੰਦੀ ਹੈ। ਇਹ ਗ੍ਰਹਿਣ ਬਣ ਕੇ ਇਨਸਾਨ ਦੀ ਸੋਚ, ਸਮਝ ਅਤੇ ਓਜ ਨੂੰ ਖਤਮ ਕਰ ਦਿੰਦੀ ਹੈ।

MAGZTER

MAGZTER

Clipped from - Akhand Gyan - Punjabi - June 2020
Read it digitally on the Magzter app

ਦਾ ਦਾਇਰਾ ਬਹੁਤ ਹੀ ਜਬਰਦਸਤ ਢੰਗ ਨਾਲ ਸਾਡੇ ਦਿਲੋ-ਦਿਮਾਗ ਨੂੰ ਆਪਣੀ ਜਕੜ ਵਿੱਚ ਲੈ ਲੈਂਦਾ ਹੈ।

ਇੱਕ ਵਾਰ ਯੂਨਾਨ ਦੇ ਮਹਾਨ ਦਾਰਸ਼ਨਿਕ ਸੁਕਰਾਤ ਤੋਂ ਕਿਸੇ ਨੇ ਪੁੱਛਿਆ ਕਿ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਕੌਣ ਹੈ? ਤਾਂ ਸੁਕਰਾਤ ਕਹਿਣ ਲੱਗੇ ਕਿ ਚਿੰਤਾ ਮਨੁੱਖ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਜੋ ਮਨੁੱਖ ਲਈ ਬਹੁਤ ਹੀ ਦੁੱਖਦਾਇਕ ਅਤੇ ਖਤਰਨਾਕ ਸਿੱਧ ਹੁੰਦੀ ਹੈ। ਇਹ ਗ੍ਰਹਿਣ ਬਣ ਕੇ ਇਨਸਾਨ ਦੀ ਸੋਚ, ਸਮਝ ਅਤੇ ਓਜ ਨੂੰ ਖਤਮ ਕਰ ਦਿੰਦੀ ਹੈ। ਸੱਚਮੁੱਚ ਹਜਾਰਾਂ ਸਾਲ ਪਹਿਲਾਂ ਸੁਕਰਾਤ ਦੁਆਰਾ ਕਹੇ ਗਏ ਸ਼ਬਦਾਂ ਅੰਦਰ ਬਹੁਤ ਵੱਡੀ ਸੱਚਾਈ ਛੁਪੀ ਹੈ ਕਿਉਂਕਿ ਚਿੰਤਾ ਉਹ ਘੁਣ ਹੈ ਜੋ ਮਨੁੱਖ ਨੂੰ ਤਿਲ-ਤਿਲ ਕਰਕੇ ਖਾ ਜਾਂਦੀ ਹੈ।

ਮਨੋਵਿਗਿਆਨਕਾਂ ਦੇ ਕਥਨ ਅਨੁਸਾਰ ਚਿੰਤਾ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਮਨੁੱਖ ਕਿਸੇ ਗੱਲ ਨੂੰ ਲੈ ਕੇ ਨਿਰੰਤਰ ਸੋਚਦਾ ਰਹਿੰਦਾ ਹੈ। ਫਿਰ ਹੌਲੀ-ਹੌਲੀ ਉਸਦੀ ਇਹ ਆਦਤ ਚਿੰਤਾ ਦਾ ਰੂਪ ਧਾਰਨ ਕਰ ਲੈਂਦੀ ਹੈ। ਸੱਜਣੋ, ਯਾਦ ਰੱਖਣਾ ਚਿੰਤਾ ਸਭ ਤੋਂ ਪਹਿਲਾਂ ਮਨੁੱਖ ਦੀ ਸਿਹਤ ਦਾ ਸੱਤਿਆਨਾਸ਼ ਕਰਦੀ ਹੈ। ਇਸਦਾ ਕਾਰਨ ਹੈ ਕਿ ਚਿੰਤਾ ਦੀ ਪਕੜ ਅਜਗਰ ਵਾਂਗ ਬਹੁਤ ਹੀ ਮਜਬੂਤ ਹੁੰਦੀ ਹੈ। ਜੋ ਮਨੁੱਖ ਨੂੰ ਆਪਣੇ ਨਾਲ ਕਸ ਕੇ ਬੰਨ੍ਹ ਲੈਂਦੀ ਹੈ। ਇਹੀ ਨਹੀਂ ਅੰਤ ਵਿੱਚ ਚਿੰਤਾ ਦੀਆਂ ਲਹਿਰਾਂ ਮਨੁੱਖ ਨੂੰ ਪੂਰੀ ਤਰ੍ਹਾਂ ਆਪਣੇ ਨਾਲ ਰੋੜ੍ਹ ਕੇ ਲੈ ਜਾਂਦੀਆਂ ਹਨ। ਤਾਂ ਹੀ ਤਾਂ ਮਨੋਵਿਗਿਆਨਕਾਂ ਨੇ ਚਿੰਤਾ ਦੇ ਸੰਬੰਧ ਵਿੱਚ ਕਿਹਾ ਕਿ ਚਿੰਤਿਤ ਸਥਿਤੀ ਵਿੱਚ ਮਨੁੱਖ ਦਾ ਦਿਮਾਗ ਕੰਮ ਕਰਨਾ ਬੰਦ ਕਰ ਦਿੰਦਾ ਹੈ ਕਿਉਂਕਿ ਜਿੱਥੇ ਚਿੰਤਾਵਾਂ ਦੇ ਘਨਘੋਰ ਬੱਦਲ ਮੰਡਰਾ ਰਹੇ ਹੋਣ ਉੱਥੇ ਇਨਸਾਨ ਚਿੰਤਾਵਾਂ ਦੇ ਹੱਥੋਂ ਸਿਰਫ ਇੱਕ ਕਠਪੁਤਲੀ ਬਣ ਕੇ ਰਹਿ ਜਾਂਦਾ ਹੈ।

ਲੇਖਕ ਜਾਰਜ ਬਰਨਾਰਡ ਦਾ ਮੰਨਣਾ ਹੈ ਕਿ ਉਹ ਲੋਕ ਮੂਰਖ ਹਨ ਜੋ ਮੁਸੀਬਤ ਦੇ ਸਾਹਮਣੇ ਗੋਡੇ ਟੇਕ ਦਿੰਦੇ ਹਨ ਅਤੇ ਪਛਤਾਵੇ ਜਾਂ ਚਿੰਤਾ ਵਿੱਚ ਆਪਣਾ ਜੀਵਨ ਵਿਅਰਥ ਕਰ ਦਿੰਦੇ ਹਨ। ਸਗੋਂ ਹੋਣਾ ਤਾਂ ਇਹ ਚਾਹੀਦਾ ਹੈ ਕਿ ਅਸੀਂ ਆਪਣੀ ਪੂਰੀ ਦ੍ਰਿੜਤਾ ਅਤੇ ਜਜ਼ਬੇ ਨਾਲ ਲਬਰੇਜ਼ ਹੋ ਕੇ ਮੁਸੀਬਤ ਨਾਲ ਲੜਨ ਦੀ ਸ਼ਕਤੀ ਇਕੱਤਰ ਕਰੀਏ ਅਤੇ ਆਪਣਾ ਸੰਤੁਲਨ ਬਣਾ ਕੇ ਰੱਖੀਏ। ਸੱਚਮੁੱਚ ਜਦੋਂ ਇੱਕ ਵਿਅਕਤੀ ਕਿਸੇ ਵੀ ਪ੍ਰਸਥਿਤੀ ਵਿੱਚ ਹੌਸਲਾ ਨਹੀਂ ਹਾਰਦਾ ਉਹ ਇੱਕ ਨਵੇਂ ਇਤਿਹਾਸ ਦੀ ਸਿਰਜਣਾ ਕਰਦਾ ਹੈ।

ਜਿਵੇਂ ਕਵੀ ਬਾਇਰਨ ਦੇ ਬਾਰੇ ਕਿਹਾ ਜਾਂਦਾ ਹੈ ਕਿ ਉਸਨੇ ਲੰਬੇ ਸਮੇਂ ਦੀ ਮਿਹਨਤ ਤੋਂ ਬਾਅਦ ਇੱਕ ਕਵਿਤਾ ਸੰਗ੍ਰਹਿ ਤਿਆਰ ਕੀਤਾ। ਇੱਕ ਰਾਤ ਉਹ ਮੋਮਬੱਤੀ ਦੇ ਚਾਨਣ 'ਚ ਆਪਣੀਆਂ ਕਵਿਤਾਵਾਂ ਦੇ ਸੰਗ੍ਰਹਿ ਨੂੰ ਅੰਤਿਮ ਛੋਹ ਪ੍ਰਦਾਨ ਕਰ ਰਿਹਾ ਸੀ। ਉਸਦੀਆਂ ਕਵਿਤਾਵਾਂ ਦੇ ਪੰਨੇ ਉਸਦੀ ਮੇਜ 'ਤੇ ਚਾਰੇ ਪਾਸੇ ਬਿਖਰੇ ਪਏ ਸਨ। ਅਚਾਨਕ ਉਸਦੀ ਪਾਲਤੂ ਬਿੱਲੀ ਉਸਦੇ ਕੋਲ ਆਈ ਅਤੇ ਬੈਠ ਗਈ। ਬਿੱਲੀ ਨੂੰ ਕੁਝ ਸਮਾਂ ਪੁਚਕਾਰਨ ਤੋਂ ਬਾਅਦ ਉਹ ਕਿਸੇ ਜਰੂਰੀ ਕੰਮ ਲਈ ਦੂਸਰੇ ਕਮਰੇ ਵਿੱਚ ਚਲਾ ਗਿਆ ਪਰ ਜਦੋਂ ਵਾਪਿਸ ਆਇਆ ਤਾਂ ਸਾਹਮਣੇ ਵਾਲਾ ਦ੍ਰਿਸ਼ ਦੇਖ ਕੇ ਚਕਰਾ ਗਿਆ ਕਿਉਂਕਿ ਬਿੱਲੀ ਨੇ ਮੋਮਬੱਤੀ ਸੁੱਟ ਦਿੱਤੀ ਸੀ ਜਿਸ ਕਰਕੇ ਮੇਜ 'ਤੇ ਪਏ ਕਾਗਜਾਂ ਨੂੰ ਅੱਗ ਲੱਗ ਚੁੱਕੀ ਸੀ। ਪਰ ਇਸ ਘਟਨਾ ਤੋਂ ਬਾਅਦ ਉਹ ਬਿਲਕੁੱਲ ਵੀ ਨਹੀਂ ਘਬਰਾਇਆ। ਸਗੋਂ ਉਸ ਰਾਤ ਉਹ ਅਰਾਮ ਨਾਲ ਸੁੱਤਾ ਅਤੇ ਅਗਲੇ ਦਿਨ ਤੋਂ ਦੁਬਾਰਾ ਫਿਰ ਪੂਰੀ ਸ਼ਿੱਦਤ ਨਾਲ ਆਪਣੇ ਕੰਮ ਵਿੱਚ ਜੁੱਟ ਗਿਆ।

ਬੜੇ ਅਫਸੋਸ ਦੀ ਗੱਲ ਹੈ ਕਿ ਬਾਇਰਨ ਦੀ ਸਾਲਾਂ ਬੱਧੀ ਕੀਤੀ ਮਿਹਨਤ ਪਲ ਵਿੱਚ ਹੀ ਸੁਆਹ ਹੋ ਗਈ ਸੀ। ਪਰ ਫਿਰ ਵੀ ਉਸਨੇ ਹੌਸਲਾ ਨਹੀਂ ਹਾਰਿਆ ਸਗੋਂ ਨੁਕਸਾਨ ਨੂੰ ਵਰਦਾਨ ਸਮਝ ਕੇ ਪੂਰੇ ਆਤਮ-ਵਿਸ਼ਵਾਸ ਅਤੇ ਸੰਜਮ ਨਾਲ ਨਵੇਂ ਸਿਰਿਓਂ ਰਚਨਾ ਕਾਰਜ ਵਿੱਚ ਜੁੱਟ ਗਿਆ ਅਤੇ ਉਸਨੇ ਆਪਣੇ ਕੰਮ ਨੂੰ ਫਿਰ ਤੋਂ

MAGZTER
MAGZTER
Clipped from - Akhand Gyan - Punjabi - June 2020
Read it digitally on the Magzter app

ਪੂਰਾ ਕੀਤਾ। ਜੇਕਰ ਉਸ ਸਮੇਂ ਸਾਡੇ ਵਾਂਗ ਚਿੰਤਿਤ ਹੋ ਜਾਂਦਾ ਤਾਂ ਹੋ ਸਕਦਾ ਸੀ ਕਿ ਉਹ ਆਪਣਾ ਦਿਮਾਗੀ ਤਵਾਜ਼ਨ ਹੀ ਗਵਾ ਬੈਠਦਾ।

ਉਪਰੋਕਤ ਘਟਨਾ ਤੋਂ ਸਾਨੂੰ ਇਹੀ ਸਿੱਖਣ ਨੂੰ ਮਿਲਦਾ ਹੈ ਕਿ ਕਦੇ ਵੀ ਬੀਤੇ ਪਲਾਂ ਲਈ ਚਿੰਤਾ ਨਾ ਕਰੋ ਕਿਉਂਕਿ ਕਿਸੇ ਇੱਕ ਗੱਲ ਦੀ ਚਿੰਤਾ ਸਾਡੀਆਂ ਚਿੰਤਾਵਾਂ ਵਿੱਚ ਅਗਾਂਹ ਵਾਧਾ ਕਰ ਦਿੰਦੀ ਹੈ। ਚਿੰਤਾ ਗ੍ਰਸਿਤ ਲੋਕ ਖੁਦ ਆਪਣੇ 'ਤੇ ਬਹੁਤ ਜ਼ੁਲਮ ਕਰਦੇ ਹਨ ਕਿਉਂਕਿ ਉਹ ਸਾਰੀ-ਸਾਰੀ ਰਾਤ ਜਾਗ ਕੇ ਗੁਜਾਰਦੇ ਹਨ। ਮਨ ਅੰਦਰ ਚਿੰਤਾ ਦੇ ਬੀਜ ਨੂੰ ਬੀਜ ਕੇ ਅਸੀਂ ਆਪਣੇ ਮਨ ਅੰਦਰ ਜਹਿਰੀਲੇ ਰੁੱਖ ਨੂੰ ਪੈਦਾ ਕਰ ਬੈਠਦੇ ਹਾਂ। ਇਸਦਾ ਕਾਰਨ ਹੈ ਕਿ ਚਿੰਤਾ ਸਾਡੇ ਖ਼ੂਨ ਦੇ ਪ੍ਰਵਾਹ ਨੂੰ ਵੀ ਜਹਿਰੀਲਾ ਕਰ ਦਿੰਦੀ ਹੈ। ਜਿਸਦੇ ਸਿੱਟੇ ਵੱਜੋਂ ਸਾਡਾ ਦਿਮਾਗ ਸਹੀ ਤਰ੍ਹਾਂ ਕੰਮ ਨਹੀਂ ਕਰ ਸਕਦਾ ਅਤੇ ਇਨਸਾਨ ਦੀ ਵਿਚਾਰ ਸ਼ਕਤੀ ਖਤਮ ਹੋ ਜਾਂਦੀ ਹੈ।

ਅਸੀਂ ਇਸ ਗੱਲ ਨੂੰ ਭੁੱਲ ਜਾਂਦੇ ਹਾਂ ਕਿ ਜੋ ਚਿੰਤਾ ਸਾਨੂੰ ਬਿਲਕੁੱਲ ਬਰਬਾਦ ਕਰ ਸਕਦੀ ਹੈ ਕਈ ਵਾਰ ਇਸਦਾ ਕਾਰਨ ਬਿਲਕੁੱਲ ਬੇਕਾਰ ਹੁੰਦਾ ਹੈ ਜਿਵੇਂ ਇੱਕ ਵਾਰ ਕਿਸੇ ਵਿਅਕਤੀ ਦੇ ਕੋਲ ਸਕੂਟਰ ਸੀ। ਹੌਲੀ-ਹੌਲੀ ਉਸਨੇ ਇੱਕ ਕਾਰ ਖਰੀਦ ਲਈ। ਉਸਦੇ ਗੁਆਂਢੀ ਨੂੰ ਉਸਦੀ ਤਰੱਕੀ ਦੇਖ ਕੇ ਅੱਚਵੀ ਲੱਗ ਗਈ ਅਤੇ ਉਹ ਦਿਨ-ਰਾਤ ਹਰ ਪਲ ਚਿੰਤਾ ਗ੍ਰਸਿਤ ਰਹਿਣ ਲੱਗਾ। ਹੌਲੀ-ਹੌਲੀ ਇਸ ਚਿੰਤਾ ਕਰਕੇ ਬਿਮਾਰ ਹੋ ਗਿਆ ਅਤੇ ਅੰਤ ਵਿੱਚ ਉਸਦਾ ਰਾਮ ਨਾਮ ਹੀ ਸੱਤ ਹੋ ਗਿਆ।

ਉਪਰੋਕਤ ਘਟਨਾ ਤੋਂ ਸਾਨੂੰ ਇਹੀ ਪਤਾ ਚੱਲਦਾ ਹੈ ਕਿ ਕਈ ਵਾਰ ਇਨਸਾਨ ਫਿਜ਼ੂਲ ਦੀਆਂ ਚਿੰਤਾਵਾਂ ਵਿੱਚ ਘਿਰ ਜਾਂਦਾ ਹੈ। ਹੋਣਾ ਤਾਂ ਇਹ ਚਾਹੀਦਾ ਹੈ ਕਿ ਜੇਕਰ ਗੁਆਂਢੀ ਕੋਲ ਇੱਕ ਕਾਰ ਹੈ ਤਾਂ ਸੜਨ ਦੀ ਬਜਾਇ ਉਸਦਾ ਗੁਆਂਢੀ ਇੰਨੀ ਮਿਹਨਤ ਕਰਦਾ ਕਿ ਇੱਕ ਦੀ ਬਜਾਇ ਦੋ ਕਾਰਾਂ ਦਾ ਮਾਲਿਕ ਬਣ ਜਾਂਦਾ। ਪਰੰਤੂ ਵਿਅਰਥ ਦੀ ਚਿੰਤਾ ਪਾਲ ਕੇ ਉਸਨੇ ਆਪਣਾ ਜੀਵਨ ਹੀ ਬਰਬਾਦ ਕਰ ਲਿਆ। ਇਸ ਲਈ ਜੇਕਰ ਅਸੀਂ ਆਪਣੀ ਜਿੰਦਗੀ ਨੂੰ ਸਹੀ ਢੰਗ ਨਾਲ ਜਿਉਣਾ ਚਾਹੁੰਦੇ ਹਾਂ ਤਾਂ ਸਾਨੂੰ ਚਿੰਤਾ ਨਾਮ ਦੀ ਨਾਮੁਰਾਦ ਬਿਮਾਰੀ ਤੋਂ ਛੁਟਕਾਰਾ ਪਾਉਣਾ ਪਵੇਗਾ। ਆਓ! ਆਪਾਂ ਆਪਣੇ-ਆਪ ਨੂੰ ਚਿੰਤਾ ਮੁਕਤ ਰੱਖ ਕੇ ਆਪਣਾ ਜੀਵਨ ਪਰਮਾਤਮਾ ਦੇ ਸਿਮਰਨ 'ਚ ਗੁਜਾਰਦੇ ਹੋਏ ਸੁੱਖ ਪੂਰਵਕ ਬਣਾਈਏ ਕਿਉਂਕਿ ਕਿਤੇ ਅਜਿਹਾ ਨਾ ਹੋਵੇ ਕਿ ਸਾਡੀ ਵਿਅਰਥ ਦੀ ਚਿੰਤਾ ਸਾਨੂੰ ਮੌਤ ਦੇ ਦਰਵਾਜੇ ਤੱਕ ਲੈ ਜਾਵੇ। ਯਾਦ ਰੱਖੋ! ਸਾਨੂੰ ਜੀਵਨ ਵਿਅਰਥ ਚਿੰਤਾਵਾਂ ਨਾਲ ਮਰਨ ਲਈ ਪ੍ਰਾਪਤ ਨਹੀਂ ਹੋਇਆ ਸਗੋਂ ਅਸੀਂ ਤਾਂ ਬਹੁਤ ਸਾਰੇ ਲੋਕਾਂ ਨੂੰ ਚਿੰਤਾ ਮੁਕਤ ਬਣਾਉਣਾ ਹੈ ਕਿਉਂਕਿ ਅਸੀਂ ਹਾਲੇ ਆਪਣੇ ਅਤੇ ਸਮਾਜ ਲਈ ਬਹੁਤ ਕੁਝ ਕਰਨਾ ਹੈ ਤਾਂ ਕਿ ਇੱਕ ਚਿੰਤਾਮੁਕਤ ਸ਼ਾਂਤ ਸਮਾਜ ਦੀ ਸਥਾਪਨਾ ਹੋ ਸਕੇ।

ਸੰਸਥਾਨ ਦੇ ਅਧਿਆਤਮਿਕ ਕਾਰਜਕ੍ਰਮਾਂ ਦਾ ਪ੍ਰਸਾਰਣ ਸਮਾਂ
(ਸੋਮਵਾਰ ਤੋਂ ਸ਼ਨੀਵਾਰ)



ਆਸਥਾ ਭਜਨ
– ਆਸਥਾ ਭਜਨ –
ਸਵੇਰੇ 7:20 ਤੋਂ
7:40 ਵਜੇ ਤੱਕ

ਸੰਸ्कार
ਹਮਾਰੀ ਸੰਸ੍ਕ੍ਰਿਤਿ ਹਮਾਰੀ ਵਿਰਾਸਤ
– ਸੰਸਕਾਰ –
ਰਾਤ 8:10 ਤੋਂ
8:30 ਵਜੇ ਤੱਕ

ਆਸ੍ਥਾ
– ਆਸਥਾ –
ਰਾਤ 10:40 ਤੋਂ
11:00 ਵਜੇ ਤੱਕ

MAGZTER
MAGZTER
Clipped from - Akhand Gyan - Punjabi - June 2020
Read it digitally on the Magzter app

ਯੁੱਧ

ਯੁੱਧ ਵਿੱਚ ਆਰਾਮ ਲਈ ਕਿਤੇ ਕੋਈ ਸਥਾਨ ਨਹੀਂ। ਜੇਕਰ ਇੱਕ ਵਿਅਕਤੀ ਸੋਚੇ ਕਿ ਚਲੋ ਦੋ-ਚਾਰ ਦੁਸ਼ਮਣ ਮਾਰ ਕੇ ਥੋੜ੍ਹਾ ਜਿਹਾ ਆਰਾਮ ਕਰ ਲੈਂਦੇ ਹਾਂ ਤਾਂ ਦੁਸ਼ਮਣ ਉਸਨੂੰ ਅਵੇਸਲਾ ਦੇਖ ਕੇ ਉਸ ਉੱਪਰ ਹਮਲਾ ਕਰ ਦੇਵੇਗਾ।

'ਯੁੱਧ' ਸ਼ਬਦ ਜ਼ਿਹਨ ਵਿੱਚ ਆਉਂਦਿਆਂ ਹੀ ਸਾਡੇ ਸਾਹਮਣੇ ਦੋ ਪੱਖਾਂ ਅੰਦਰ ਟਕਰਾਅ ਦੀ ਸਥਿਤੀ ਦੀ ਤਸਵੀਰ ਉੱਭਰ ਆਉਂਦੀ ਹੈ। ਇਹ ਯੁੱਧ ਕਦੇ ਪ੍ਰਤੱਖ ਹੁੰਦਾ ਹੈ ਅਤੇ ਕਦੇ ਅਪ੍ਰਤੱਖ। ਜੇਕਰ ਗੌਰ ਨਾਲ ਦੇਖਿਆ ਜਾਵੇ ਤਾਂ ਆਪ ਨੂੰ ਪੂਰੀ ਕਾਇਨਾਤ ਹੀ ਯੁੱਧ ਕਰਦੀ ਨਜਰ ਆਵੇਗੀ। ਇੱਕ ਬੀਜ ਪੁੰਗਰਨ ਲਈ ਧਰਤੀ ਦੀ ਕਠੋਰ ਪਰਤ ਨਾਲ ਯੁੱਧ ਕਰਦਾ ਹੈ। ਉਹੀ ਬੀਜ ਜਦੋਂ ਦਰੱਖਤ ਦੇ ਰੂਪ ਵਿੱਚ ਧਰਤੀ ਦੀ ਗੋਦ ਵਿੱਚ ਮੌਲ ਜਾਂਦਾ ਹੈ ਤਾਂ ਉਸਨੂੰ ਖੜ੍ਹਾ ਰਹਿਣ ਲਈ ਕਦੇ ਧੁੱਪ ਦੀ ਤਪਸ਼ ਨਾਲ ਲੜਨਾ ਪੈਂਦਾ ਹੈ, ਕਦੇ ਮੀਂਹ ਦੀਆਂ ਠੰਡੀਆਂ ਬੁਛਾਰਾਂ ਉਸਦੇ ਵਜੂਦ ਨੂੰ ਕੰਬਾ ਦਿੰਦੀਆਂ ਹਨ ਅਤੇ ਕਦੇ ਗੜੇ ਗੋਲੀਆਂ ਵਾਂਗ ਉਸਦੇ ਸਿਰ ਉੱਪਰ ਠਾਹ-ਠਾਹ ਵੱਜਦੇ ਹਨ। ਇੱਥੇ ਹੀ ਬਸ ਨਹੀਂ ਕਈ ਵਾਰ ਤਾਂ ਹਨੇਰੀ-ਝੱਖੜ ਅਤੇ ਤੂਫਾਨ ਉਸਦੇ ਸਰੀਰ ਦੇ ਅੰਗਾਂ ਨੂੰ ਜਗ੍ਹਾ-ਜਗ੍ਹਾ ਤੋਂ ਤੋੜ ਕੇ ਪਰ੍ਹੇ ਵਗਾਹ ਮਾਰਦੇ ਹਨ। ਇਸੇ ਪ੍ਰਕਾਰ ਸਾਨੂੰ ਸਭ ਨੂੰ ਆਪਣੀ ਸ਼ੀਤਲ ਰੌਸ਼ਨੀ ਨਾਲ ਨਿਵਾਜਣ ਵਾਲਾ ਚੰਦਰਮਾ ਵੀ ਪੂਰਾ ਦਿਨ ਸੂਰਜ ਤੋਂ ਰੌਸ਼ਨੀ ਲੈਣ ਲਈ ਯੁੱਧ ਕਰਦਾ ਹੈ ਕਿਉਂਕਿ ਅਕਸਰ ਹੀ ਸੂਰਜ ਦੇ ਰੌਸ਼ਨ ਚਿਹਰੇ ਅੱਗੇ ਬੱਦਲਾਂ ਦਾ ਗਿਲਾਫ ਆ ਜਾਂਦਾ ਹੈ। ਜੇਕਰ ਚੰਦਰਮਾ ਇਸ ਯੁੱਧ ਤੋਂ ਨਿਰਾਸ਼ ਹੋ ਜਾਵੇ ਤਾਂ ਸਾਡੀਆਂ ਰਾਤਾਂ ਸ਼ਾਇਦ ਹਮੇਸ਼ਾ ਲਈ ਕਾਲਿਖ ਭਰਪੂਰ ਹੀ ਰਹਿਣ।

ਜਿਸ ਪ੍ਰਕਾਰ ਸ੍ਰਿਸ਼ਟੀ ਦਾ ਕਣ-ਕਣ ਆਪਣੇ ਵਿਰੋਧੀ ਹਾਲਾਤਾਂ ਨਾਲ ਯੁੱਧ ਕਰ ਰਿਹਾ ਹੈ ਇਸੇ ਪ੍ਰਕਾਰ ਇੱਕ ਸਾਧਕ ਦਾ ਤਾਂ ਪੂਰਾ ਜੀਵਨ ਹੀ ਯੁੱਧ ਹੈ। ਇਸ ਲਈ ਇੱਕ ਸਾਧਕ ਨੂੰ ਯੋਧਾ ਵੀ ਕਿਹਾ ਜਾਂਦਾ ਹੈ ਕਿਉਂਕਿ ਜੋ ਪ੍ਰਸਥਿਤੀਆਂ ਇੱਕ ਯੋਧਾ ਦੇ ਜੀਵਨ ਅੰਦਰ ਹੁੰਦੀਆਂ ਹਨ ਉਹੋ-ਜਿਹੀਆਂ ਪ੍ਰਸਥਿਤੀਆਂ ਇੱਕ ਸਾਧਕ ਦੇ ਜੀਵਨ ਅੰਦਰ ਵੀ ਆਉਂਦੀਆਂ ਹਨ। ਅਸਲ ਵਿੱਚ ਸਾਧਕ ਵੀ ਇੱਕ ਵਿਸ਼ਾਲ ਲਕਸ਼ ਦਾ ਯੋਧਾ ਹੁੰਦਾ ਹੈ ਜਿਸ ਨੂੰ ਝੂਠ, ਅਗਿਆਨਤਾ ਅਤੇ ਬੁਰਾਈ ਦੇ ਖਿਲਾਫ ਦੋ ਪੱਧਰਾਂ 'ਤੇ ਯੁੱਧ ਲੜਨਾ ਪੈਂਦਾ ਹੈ। ਦੋ

MAGZTER

MAGZTER
Clipped from - Akhand Gyan - Punjabi - June 2020
Read it digitally on the Magzter app

ਪੱਧਰੇ ਯੁੱਧ ਤੋਂ ਭਾਵ ਹੈ ਕਿ ਕਦੇ ਉਸਨੂੰ ਆਪਣੇ-ਆਪ ਨਾਲ ਅਤੇ ਕਦੇ ਇਸ ਸਮਾਜ ਅੰਦਰ ਫੈਲੇ ਅਨੇਕਾਂ ਵਿਕਾਰਾਂ ਨਾਲ ਲੜਨਾ ਪੈਂਦਾ ਹੈ। ਉਸਨੂੰ ਇਸ ਮਾਰਗ 'ਤੇ ਚੱਲਣ ਦੇ ਨਾਲ-ਨਾਲ ਸੱਚ ਨੂੰ ਅੱਗੇ ਵਧਾਉਣ ਲਈ ਵੀ ਕਈ ਔਕੜਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਾਧਕ ਦਾ ਯੁੱਧ ਵਿਲੱਖਣ ਹੁੰਦਾ ਹੈ ਕਿਉਂਕਿ ਵਿਕਾਰ ਅਨੇਕਾਂ ਹੀ ਰੂਪਾਂ ਵਿੱਚ ਆ ਕੇ ਉਸ ਨੂੰ ਭਗਤੀ ਮਾਰਗ ਤੋਂ ਵਿਚਲਿਤ ਕਰਦੇ ਹਨ। ਕਦੇ ਉਸ ਨੂੰ ਨਿਰਾਸ਼ ਕਰਦੇ ਹਨ, ਕਦੇ ਗੁਰੂ ਆਗਿਆ ਮੰਨਣ ਤੋਂ ਇਨਕਾਰੀ ਕਰਦੇ ਹਨ, ਕਦੇ ਆਲਸ ਪੈਦਾ ਕਰਦੇ ਹਨ ਅਤੇ ਕਦੇ ਆਪਸੀ ਮਤਭੇਦ ਜਨਮ ਲੈ ਲੈਂਦੇ ਹਨ। ਇੱਕ ਦਰੱਖਤ ਨੂੰ ਤਾਂ ਸਿਰਫ ਬਾਹਰ ਦੇ ਹਨੇਰੀ-ਝੱਖੜ, ਤੂਫਾਨ ਨਾਲ ਜੂਝਣਾ ਪੈਂਦਾ ਹੈ ਪਰ ਸਾਧਕ ਦੇ ਜੀਵਨ ਅੰਦਰ ਬਾਹਰ ਦੀ ਹਨੇਰੀ ਦੇ ਨਾਲ-ਨਾਲ ਅੰਦਰਲੀ ਹਨੇਰੀ ਵੀ ਹਰ ਵੇਲੇ ਹੀ ਝੁੱਲਦੀ ਰਹਿੰਦੀ ਹੈ। ਕਦੇ ਉਸ ਨੂੰ ਬੁਰੇ ਵਿਚਾਰਾਂ 'ਤੇ ਵਿਕਾਰਾਂ ਤੋਂ ਬਚਣ ਲਈ ਯੁੱਧ ਕਰਨਾ ਪੈਂਦਾ ਹੈ ਅਤੇ ਕਦੇ ਆਪਣੇ ਚੰਗੇ ਵਿਚਾਰਾਂ ਨੂੰ ਬੁਰੇ ਵਿਚਾਰਾਂ ਤੋਂ ਬਚਾਉਣ ਲਈ ਲੜਨਾ ਪੈਂਦਾ ਹੈ। ਦੂਸਰੀ ਗੱਲ ਬਾਹਰਲੀ ਹਨੇਰੀ ਤੋਂ ਬਚਣ ਲਈ ਅਸੀਂ ਕਿਸੇ ਨੂੰ ਪਕੜ ਕੇ ਸਹਾਰਾ ਲੈ ਲਵਾਂਗੇ ਜਾਂ ਸਾਨੂੰ ਕੋਈ ਪਕੜ ਲਵੇਗਾ ਪਰ ਜੋ ਸਾਡੇ ਅੰਦਰ ਚੱਲ ਰਿਹਾ ਹੈ ਉਸ ਨੂੰ ਕਿਵੇਂ ਪਕੜਿਆ ਜਾ ਸਕਦਾ ਹੈ? ਹੋ ਸਕਦਾ ਹੈ ਆਪ ਉਸ ਚੀਜ ਨੂੰ ਪਕੜ ਲਵੋ ਜਿਸ ਨੂੰ ਨਾ ਪਕੜਨਾ ਹੋਵੇ, ਜੇ ਆਪ ਅਜਿਹਾ ਕਰਦੇ ਹੋ ਤਾਂ ਆਪ ਇੱਕ ਹਾਰੇ ਹੋਏ ਯੋਧਾ ਬਣ ਜਾਓਗੇ।

ਹੁਣ ਜੇਕਰ ਸਾਧਕ ਇੱਕ ਯੋਧਾ ਹੈ ਤਾਂ ਫਿਰ ਯੋਧਾ ਦੇ ਕੋਲ ਤਾਂ ਯੁੱਧ ਲੜਨ ਲਈ ਇੱਕ ਵਧੀਆ ਹਥਿਆਰ ਹੋਣਾ ਅਤਿ ਲਾਜਮੀ ਹੈ। ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਕਹਿੰਦੇ ਹਨ ਕਿ ਵਿਸ਼ੇ-ਵਿਕਾਰਾਂ ਨੂੰ ਨੇਸਤੋਨਾਬੂਦ ਕਰਨ ਵਾਲਾ ਹਥਿਆਰ ਗਿਆਨ ਰੂਪੀ ਤਲਵਾਰ ਹੈ- **'ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥'** ਦੂਸਰੀ ਗੱਲ ਸਾਡਾ ਹਥਿਆਰ ਤਿੱਖਾ ਹੋਣਾ ਚਾਹੀਦਾ ਹੈ। ਜੇਕਰ ਸਾਡਾ ਹਥਿਆਰ ਖੁੰਢਾ ਹੈ ਤਾਂ ਫਿਰ ਦੁਸ਼ਮਣ ਨੂੰ ਮਾਰ ਨਹੀਂ ਸਕੇਗਾ। ਜਿਵੇਂ ਹਥਿਆਰ ਨੂੰ ਸਹੀ ਸਥਿਤੀ ਵਿੱਚ ਰੱਖਣ ਲਈ ਸਮੇਂ-ਸਮੇਂ 'ਤੇ ਉਸਦੀ ਧਾਰ ਨੂੰ ਰੇਤੀ ਨਾਲ ਰਗੜ ਕੇ ਤੇਜ ਕਰਨਾ ਪੈਂਦਾ ਹੈ ਇਸੇ ਤਰ੍ਹਾਂ ਗਿਆਨ ਰੂਪੀ ਤਲਵਾਰ ਦੀ ਧਾਰ ਭਾਵ ਉਸਦੇ ਪ੍ਰਭਾਵ ਨੂੰ ਸਹੀ ਰੱਖਣ ਲਈ ਸਤਿਸੰਗ, ਸੇਵਾ, ਸਿਮਰਨ-ਸਾਧਨਾ ਅਤੇ ਗੁਰੂ ਦਰਸ਼ਨਾਂ ਰੂਪੀ ਰੇਤੀ ਦੀ ਲੋੜ ਹੈ। ਇਹਨਾਂ ਵਿੱਚੋਂ ਕਿਸੇ ਇੱਕ ਦੀ ਵੀ ਗੈਰ ਮੌਜੂਦਗੀ ਵਿੱਚ ਆਪ ਦਾ ਹਥਿਆਰ ਹਮੇਸ਼ਾ ਖੁੰਢਾ ਹੀ ਰਹੇਗਾ ਅਤੇ ਜਦੋਂ ਦੁਸ਼ਮਣ ਵਾਰ ਕਰਨਗੇ ਤਾਂ ਆਪ ਮੂਧੇ-ਮੂੰਹ ਡਿੱਗ ਪਵੋਗੇ। ਦੂਸਰਾ ਅਹਿਮ ਸੁਆਲ ਹੈ- ਕੀ ਅਸੀਂ ਯੁੱਧ ਲੜਨ ਲਈ ਹਥਿਆਰ ਦਾ ਸਹੀ ਇਸਤੇਮਾਲ ਕਰ ਰਹੇ ਹਾਂ? ਭਾਵ ਅਸੀਂ ਆਪਣਾ ਹਥਿਆਰ ਕਿਸ ਨੂੰ ਬਣਾਉਂਦੇ ਹਾਂ? ਜਹਾਨ ਨੂੰ ਜਾਂ ਭਗਵਾਨ ਨੂੰ, ਵਿਸ਼ੇ-ਵਿਕਾਰਾਂ ਨੂੰ ਜਾਂ ਫਿਰ ਚੰਗੇ ਵਿਚਾਰਾਂ ਨੂੰ? ਜਿਵੇਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਕੁਰੂਕਸ਼ੇਤਰ ਦਾ ਯੁੱਧ ਲੜਨ ਲਈ ਅਰਜੁਨ ਅਤੇ ਦੁਰਯੋਧਨ ਦੇ ਸਾਹਮਣੇ ਦੋਵੇਂ ਸਥਿਤੀਆਂ ਰੱਖ ਦਿੱਤੀਆਂ ਕਿ ਇੱਕ ਪਾਸੇ ਮੇਰੀ ਨਾਰਾਇਣੀ ਸੈਨਾ ਹੋਵੇਗੀ ਅਤੇ ਇੱਕ ਪਾਸੇ ਮੈਂ ਬਿਲਕੁੱਲ ਨਿਹੱਥਾ ਹੋਵਾਂਗਾ। ਅਸੀਂ ਸਭ ਜਾਣਦੇ ਹਾਂ ਕਿ ਦੁਰਯੋਧਨ ਨੇ ਭਗਵਾਨ ਦੀ ਨਾਰਾਇਣੀ ਸੈਨਾ ਨੂੰ ਹਥਿਆਰ ਬਣਾਇਆ ਅਤੇ ਅਰਜੁਨ ਦਾ ਹਥਿਆਰ ਨਿਹੱਥੇ ਭਗਵਾਨ ਖੁਦ ਬਣੇ ਜਿਸਦੇ ਸਦਕਾ ਅਰਜੁਨ ਦੀ ਜਿੱਤ ਹੋਈ। ਆਓ! ਜਾਣਦੇ ਹਾਂ ਇੱਕ ਸਾਧਕ ਦੇ ਕੋਲ ਜਿੱਥੇ ਇੱਕ ਸਹੀ ਹਥਿਆਰ ਹੋਣਾ ਚਾਹੀਦਾ ਹੈ ਇਸ ਤੋਂ ਇਲਾਵਾ ਇਹ ਯੁੱਧ ਜਿੱਤਣ ਦੇ ਹੋਰ ਕੀ-ਕੀ ਤਰੀਕੇ ਹਨ।

ਸਭ ਤੋਂ ਜਰੂਰੀ ਗੱਲ ਹੈ ਕਿ ਯੁੱਧ ਲੜਨ ਲਈ ਇੱਕ ਸਾਧਕ ਅੰਦਰ ਜਜ਼ਬਾ ਹੋਣਾ ਚਾਹੀਦਾ ਹੈ। ਹਥਿਆਰ ਮਿਲਣ ਤੋਂ ਬਾਅਦ ਵੀ ਅਸੀਂ ਦੁਸ਼ਮਣ ਨੂੰ ਉਦੋਂ ਤੱਕ ਨਹੀਂ ਮਾਰ ਸਕਦੇ ਜਦੋਂ ਤੱਕ ਸਾਡੇ ਅੰਦਰ ਦੁਸ਼ਮਣ ਨੂੰ ਮਾਰਨ ਦਾ ਜਜ਼ਬਾ ਨਹੀਂ ਹੈ। ਇਸ ਲਈ ਜਦੋਂ ਕਿਸੇ ਨੂੰ ਯੁੱਧ ਕਰਨ ਲਈ ਭੇਜਿਆ ਜਾਂਦਾ ਹੈ ਤਾਂ ਕਮਾਂਡਰ ਸਭ ਤੋਂ ਪਹਿਲਾਂ ਉਹਨਾਂ ਅੰਦਰ ਦੁਸ਼ਮਣ ਨੂੰ ਮਾਰਨ ਦਾ ਜਜ਼ਬਾ ਅਤੇ ਦੇਸ਼ ਭਗਤੀ ਦਾ ਜਨੂੰਨ ਭਰਦਾ ਹੈ। ਇਸੇ ਪ੍ਰਕਾਰ ਇੱਕ ਸਾਧਕ ਅੰਦਰ ਸਤਿਸੰਗ ਵਿਚਾਰਾਂ ਦੁਆਰਾ ਵਿਸ਼ੇ-ਵਿਕਾਰਾਂ ਨੂੰ ਮਾਰਨ ਅਤੇ ਬੁਰਾਈਆਂ ਨੂੰ ਖਤਮ ਕਰਨ ਦਾ ਜਜ਼ਬਾ ਭਰਿਆ ਜਾਂਦਾ ਹੈ ਅਤੇ ਨਾਲ ਹੀ ਗੁਰੂ ਪ੍ਰਤੀ ਪ੍ਰੇਮ ਵੀ। ਸਾਡੇ ਅੰਦਰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਵਿਕਾਰ ਵਿਸ਼ਾਲ ਰੂਪ 'ਚ ਵੱਸ ਰਹੇ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਪੂਰਨ ਗਿਆਨ ਹੋਣ ਦੇ ਬਾਵਜੂਦ ਵੀ ਅਸੀਂ ਇਹਨਾਂ ਅੰਦਰਲੇ ਵਿਕਾਰਾਂ ਅਤੇ ਬੁਰਾਈਆਂ ਨੂੰ ਮਾਰ ਨਹੀਂ ਪਾਉਂਦੇ ਕਿਉਂਕਿ ਇਹਨਾਂ ਨੂੰ ਮਾਰਨ ਲਈ ਸਾਡੇ ਅੰਦਰ ਨਾ ਜਜ਼ਬਾ ਉਪਜਿਆ ਹੁੰਦਾ ਹੈ ਅਤੇ ਨਾ ਹੀ ਉਤਸਾਹ। ਇਸਦਾ ਸਿਰਫ ਇੱਕ ਹੀ ਕਾਰਨ ਹੈ ਕਿ ਅਸੀਂ ਸਤਿਸੰਗ ਵਿਚਾਰਾਂ ਤੋਂ ਕੋਹਾਂ ਦੂਰ ਹਾਂ ਫਿਰ ਸਾਡੇ ਅੰਦਰ ਜਜ਼ਬਾ ਕਿਵੇਂ ਆਵੇਗਾ? ਕਿਉਂਕਿ ਸਤਿਸੰਗ ਵਿਚਾਰ ਸਿਰਫ ਸੁਣਨ ਦਾ ਵਿਸ਼ਾ ਨਹੀਂ ਸਗੋਂ ਆਪਣੇ ਅੰਦਰ ਧਾਰਨ ਕਰਨ ਦਾ ਵਿਸ਼ਾ ਹਨ। ਇਹੀ ਕਾਰਨ ਹੈ ਕਿ ਜਦੋਂ ਕਿਸੇ ਸਾਧਕ ਨੂੰ ਪੁੱਛਿਆ ਜਾਂਦਾ ਹੈ- ਕੀ ਤੁਸੀਂ ਸਾਧਨਾ ਕਰਦੇ ਹੋ, ਆਪਣੇ ਵਿਕਾਰਾਂ ਰੂਪੀ ਦੁਸ਼ਮਣਾਂ ਨੂੰ ਮਾਰਨ ਦੀ ਕੋਸ਼ਿਸ਼ ਕਰਦੇ ਹੋ ਤਾਂ ਅੱਗੋਂ ਜਵਾਬ ਮਿਲਦਾ ਹੈ- ਕੀ ਕਰੀਏ ਸਾਡੇ ਤੋਂ ਇਹ ਹੋ ਹੀ ਨਹੀਂ ਪਾਉਂਦਾ, ਬੈਠਿਆ ਹੀ ਨਹੀਂ ਜਾਂਦਾ, ਜੇਕਰ ਬੈਠਦੇ ਹਾਂ ਤਾਂ ਨੀਂਦ ਆ ਜਾਂਦੀ ਹੈ, ਤੋੜ ਲੱਗ ਜਾਂਦੀ ਹੈ, ਉਬਾਸੀਆਂ ਆਉਂਦੀਆਂ ਹਨ। ਕਿੰਨੀ ਹਾਸੋਹੀਣੀ ਗੱਲ ਹੈ ਕਿ ਸਿਖਰ ਦਾ ਤਿੱਖਾ ਹਥਿਆਰ ਹੋਣ ਦੇ ਬਾਵਜੂਦ ਵੀ ਅਸੀਂ ਦੁਸ਼ਮਣ ਨੂੰ ਮਾਰਨ ਦੀ ਬਜਾਇ ਦੁਸ਼ਮਣਾਂ

MAGZTER
Clipped from - Akhand Gyan - Punjabi - June 2020
Read it digitally on the Magzter app

ਦੁਆਰਾ ਮਾਰੇ ਜਾ ਰਹੇ ਹਾਂ। ਸਾਡਾ ਜਜ਼ਬਾ ਤਾਂ ਇੰਨਾ ਉੱਚਾ ਹੋਣਾ ਚਾਹੀਦਾ ਹੈ ਕਿ ਦੁਸ਼ਮਣ ਭਾਵੇਂ ਤੀਸ ਮਾਰ ਖਾਂ ਹੋਵੇ ਪਰ ਅਸੀਂ ਫਿਰ ਵੀ ਨਾ ਡੋਲੀਏ।

ਅਸੀਂ ਜਾਣਦੇ ਹਾਂ ਕਿ ਗਿਣਤੀ ਵਿੱਚ ਪਾਂਡਵ ਸਿਰਫ ਪੰਜ ਸਨ ਅਤੇ ਕੌਰਵ 100 ਦੀ ਗਿਣਤੀ ਵਿੱਚ। ਇਹੀ ਨਹੀਂ ਕੌਰਵਾਂ ਦੀ ਸੈਨਾ ਅੰਦਰ ਭੀਸ਼ਮ ਪਿਤਾਮਾ ਨੂੰ ਇੱਛਿਤ ਮੌਤ ਦਾ ਵਰਦਾਨ ਪ੍ਰਾਪਤ ਸੀ। ਜੇ ਉਹ ਚਾਹੁੰਦੇ ਤਾਂ ਹੀ ਕੋਈ ਉਹਨਾਂ ਨੂੰ ਮਾਰ ਸਕਦਾ ਸੀ ਨਹੀਂ ਤਾਂ ਦੁਨੀਆਂ ਵਿੱਚ ਕੋਈ ਵੀ ਉਹਨਾਂ ਨੂੰ ਮਾਰਨ ਦੇ ਸਮਰੱਥ ਨਹੀਂ ਸੀ। ਦ੍ਰੋਣਾਚਾਰੀਆ ਦੇ ਕੋਲ ਵਰਦਾਨ ਸੀ ਕਿ ਜਦੋਂ ਤੱਕ ਉਹ ਰਣ ਭੂਮੀ ਵਿੱਚ ਆਪਣੀ ਇੱਛਾ ਨਾਲ ਹਥਿਆਰ ਨਹੀਂ ਰੱਖਣਗੇ ਉਹਨਾਂ ਨੂੰ ਕੋਈ ਨਹੀਂ ਹਰਾ ਸਕਦਾ। ਕਰਣ ਨੂੰ ਵੀ ਜਨਮ ਤੋਂ ਹੀ ਰੱਖਿਅਕ ਕਵਚ ਅਤੇ ਕੁੰਡਲ ਮਿਲੇ ਸਨ। ਇਸ ਲਈ ਕਰਣ ਨੂੰ ਹਰਾਉਣਾ ਵੀ ਅਸੰਭਵ ਸੀ। ਇਹਨਾਂ ਗੱਲਾਂ ਨੂੰ ਦੇਖਦੇ ਹੋਏ ਪਾਂਡਵਾਂ ਦਾ ਜਜ਼ਬਾ ਡਿੱਗ ਸਕਦਾ ਸੀ ਪਰ ਨਹੀਂ ਡਿੱਗਿਆ ਕਿਉਂਕਿ ਪਾਂਡਵ ਲਗਾਤਾਰ ਭਗਵਾਨ ਸ੍ਰੀ ਕ੍ਰਿਸ਼ਨ ਦੁਆਰਾ ਸਤਿਸੰਗ ਵਿਚਾਰਾਂ ਨੂੰ ਸੁਣਦੇ ਰਹਿੰਦੇ ਸਨ। ਜਦੋਂ ਵੀ ਉਹਨਾਂ ਅੰਦਰ ਜਜ਼ਬੇ ਦੀ ਕਮੀ ਆਈ ਅਤੇ ਮਨ ਡਿੱਗਿਆ ਉਦੋ-ਉਦੋਂ ਭਗਵਾਨ ਸ੍ਰੀ ਕ੍ਰਿਸ਼ਨ ਨੇ ਉਹਨਾਂ ਨੂੰ ਸਤਿਸੰਗ ਵਿਚਾਰਾਂ ਦਾ ਸਹਾਰਾ ਦੇ ਕੇ ਉਠਾ ਲਿਆ। ਬੇਸ਼ੱਕ ਇਨਸਾਨ ਅੰਦਰ ਬੈਠੇ ਵਿਕਾਰ ਵੀ ਚਿਰ ਸਥਾਈ ਪ੍ਰਤੀਤ ਹੁੰਦੇ ਹਨ ਜਿਸ ਕਰਕੇ ਇਹਨਾਂ ਨੂੰ ਖਤਮ ਕਰਨਾ ਅਸੰਭਵ ਪ੍ਰਤੀਤ ਹੁੰਦਾ ਹੈ ਪਰ ਨਾਮੁਮਕਿਨ ਨਹੀਂ ਕਿਉਂਕਿ ਵਿਕਾਰਾਂ ਦੀ ਇੱਕ ਹੀ ਕਮੀ ਹੈ ਕਿ ਇਹਨਾਂ ਨਾਲ ਭਗਵਾਨ ਨਹੀਂ। ਦੂਸਰੀ ਗੱਲ ਹਰੇਕ ਵਿਕਾਰ ਆਪਣੀ ਸੁਆਰਥ ਪੂਰਤੀ ਨੂੰ ਹੀ ਅਹਿਮੀਅਤ ਦਿੰਦਾ ਹੈ ਇਸ ਕਰਕੇ ਇਹਨਾਂ ਦਾ ਖਤਮ ਹੋਣਾ ਨਿਸ਼ਚਿਤ ਹੈ।

ਯੁੱਧ ਲੜਨ ਲਈ ਇੱਕ ਹੋਰ ਮਹੱਤਵਪੂਰਨ ਪਹਿਲੂ ਇਹ ਹੈ ਕਿ ਜਿਸਦੀ ਰਹਿਨੁਮਾਈ ਹੇਠ ਯੁੱਧ ਲੜ ਰਹੇ ਹੋ ਉਸਦੀ ਹਰ ਗੱਲ ਮੰਨੋ। ਜਿਵੇਂ ਲਗਾਮ ਰੱਥ ਦੇ ਘੋੜਿਆਂ ਨੂੰ ਖਿੱਚ ਕੇ ਇੱਕ ਦਿਸ਼ਾ ਵਿੱਚ ਰੱਖਦੀ ਹੈ ਤਾਂ ਰੱਥ ਸਹੀ ਦੌੜਦਾ ਹੈ। ਪਰ ਜੇਕਰ ਘੋੜੇ ਬੇਲਗਾਮ ਹੋ ਕੇ ਮਨਮਰਜੀ ਕਰਕੇ ਆਪਣੀ ਇੱਛਿਤ ਦਿਸ਼ਾ ਵਿੱਚ ਜਾਣ ਲੱਗਣ ਤਾਂ ਸੋਚੋ ਕੀ ਰੱਥ ਆਪਣੇ ਲਕਸ਼ ਤੱਕ ਪਹੁੰਚੇਗਾ? ਇਸੇ ਪ੍ਰਕਾਰ ਸੈਨਾਪਤੀ

MAGZTER

MAGZTER

Clipped from - Akhand Gyan - Punjabi - June 2020
Read it digitally on the Magzter app

ਵੀ ਸੈਨਾ ਦੀ ਲਗਾਮ ਹੋਇਆ ਕਰਦਾ ਹੈ। ਜੇਕਰ ਸੈਨਿਕ ਉਸ ਲਗਾਮ ਤੋਂ ਬਾਹਰ ਹੋ ਕੇ ਇੱਧਰ-ਉੱਧਰ ਦੌੜਨ ਲੱਗਣ ਤਾਂ ਸੋਚੋ ਕੀ ਉੱਥੇ ਜਿੱਤ ਸੰਭਵ ਹੈ? ਇਹੀ ਕਮੀ ਕੌਰਵਾਂ ਦੀ ਸੈਨਾ ਅੰਦਰ ਵੀ ਦੇਖਣ ਨੂੰ ਮਿਲਦੀ ਸੀ। ਦੁਰਯੋਧਨ, ਕਰਣ, ਦੁਸ਼ਾਸਨ, ਸ਼ਕੁਨੀ ਆਦਿ ਕੋਈ ਵੀ ਭੀਸ਼ਮ ਪਿਤਾਮਾ ਦੀ ਗੱਲ ਨਾ ਮੰਨ ਕੇ ਆਪੋ-ਆਪਣਾ ਰਾਗ ਅਲਾਪਦੇ ਸਨ। ਇਤਿਹਾਸ ਗਵਾਹ ਹੈ ਕਿ ਇਸਦਾ ਨਤੀਜਾ ਕੀ ਨਿਕਲਿਆ। ਪਰ ਪਾਂਡਵ ਭਗਵਾਨ ਸ੍ਰੀ ਕ੍ਰਿਸ਼ਨ ਦੀ ਹਰੇਕ ਗੱਲ ਮੰਨਦੇ ਸਨ।

ਉਹਨਾਂ ਦੇ ਜੀਵਨ ਅੰਦਰ ਕੁਝ ਘਟਨਾਵਾਂ ਅਜਿਹੀਆਂ ਆਈਆਂ ਜਦੋਂ ਉਹਨਾਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਦੀ ਗੱਲ ਨਹੀਂ ਮੰਨੀ ਤਾਂ ਉੱਥੇ ਉਹਨਾਂ ਨੂੰ ਵੀ ਇਸਦੀ ਬਹੁਤ ਵੱਡੀ ਕੀਮਤ ਚੁਕਾਉਣੀ ਪਈ। ਇਤਿਹਾਸ ਦੱਸਦਾ ਹੈ ਕਿ ਜਦੋਂ ਅਸ਼ਵਤਥਾਮਾ ਨੇ ਪੂਰੇ ਪਰਿਵਾਰ ਸਹਿਤ ਪਾਂਡਵਾਂ ਨੂੰ ਰਾਤੀਂ ਸੁੱਤੇ ਪਿਆਂ ਨੂੰ ਮਾਰਨ ਆਉਣਾ ਸੀ ਤਾਂ ਭਗਵਾਨ ਸ੍ਰੀ ਕ੍ਰਿਸ਼ਨ ਅਸ਼ਵਤਥਾਮਾ ਤੋਂ ਪਹਿਲਾਂ ਹੀ ਪਾਂਡਵਾਂ ਦੇ ਤੰਬੂ ਵਿੱਚ ਪਹੁੰਚ ਗਏ। ਜਦੋਂ ਭਗਵਾਨ ਸ੍ਰੀ ਕ੍ਰਿਸ਼ਨ ਨੇ ਉਹਨਾਂ ਨੂੰ ਆ ਕੇ ਕਿਹਾ ਕਿ ਆਓ ਆਪਾਂ ਸਾਰੇ ਪਰਿਵਾਰ ਸਮੇਤ ਸੈਰ ਕਰਨ ਚੱਲਦੇ ਹਾਂ ਤਾਂ ਦ੍ਰੌਪਦੀ ਕਹਿਣ ਲੱਗੀ ਕਿ ਪ੍ਰਭੂ ਬੱਚੇ ਸੌਂ ਰਹੇ ਹਨ ਉਹਨਾਂ ਨੂੰ ਰਹਿਣ ਦਿੰਦੇ ਹਾਂ। ਭਗਵਾਨ ਸ੍ਰੀ ਕ੍ਰਿਸ਼ਨ ਨੇ ਕਿਹਾ ਕਿ ਨਹੀਂ ਦ੍ਰੌਪਦੀ ਉਹਨਾਂ ਨੂੰ ਵੀ ਉਠਾ ਕੇ ਨਾਲ ਲੈ ਚੱਲੋ। ਪਰ ਦ੍ਰੌਪਦੀ ਨੇ ਉਹਨਾਂ ਦੀ ਗੱਲ ਨਹੀਂ ਮੰਨੀ। ਉਹਨਾਂ ਦੇ ਜਾਣ ਪਿੱਛੋਂ ਅਸ਼ਵਤਥਾਮਾ ਆਇਆ ਅਤੇ ਪਾਂਡਵਾਂ ਦੇ ਬੱਚਿਆਂ ਨੂੰ ਮਾਰ ਕੇ ਚਲਾ ਗਿਆ। ਉਸ ਸਮੇਂ ਉਹਨਾਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਦੀ ਗੱਲ ਨਹੀਂ ਮੰਨੀ ਤਾਂ ਬਹੁਤ ਭਾਰੀ ਹਾਨੀ ਹੋਈ। ਇਸੇ ਪ੍ਰਕਾਰ ਜਦੋਂ ਇੱਕ ਸੇਵਕ ਵੀ ਗੁਰੂ ਆਗਿਆ ਦਾ ਉਲੰਘਣ ਕਰਦਾ ਹੈ ਤਾਂ ਉਸਦੇ ਜੀਵਨ ਰੂਪੀ ਰੱਥ ਦੇ ਘੋੜੇ ਵੀ ਮਨਮਾਨੀ ਦਿਸ਼ਾ ਵਿੱਚ ਦੌੜਨ ਲੱਗਦੇ ਹਨ। ਜਿਸਦੇ ਸਿੱਟੇ ਵੱਜੋਂ ਉਸਦੇ ਜੀਵਨ ਅੰਦਰ ਮੁਸੀਬਤਾਂ, ਦੁੱਖਾਂ ਅਤੇ ਵਿਸ਼ੇ-ਵਿਕਾਰਾਂ ਦੀ ਸੈਨਾ ਹਮਲਾ ਬੋਲ ਕੇ ਉਸਦੇ ਵਜੂਦ ਨੂੰ ਖਤਮ ਕਰ ਦਿੰਦੀ ਹੈ।

ਜਿਸ ਸਮੇਂ ਅਸੀਂ ਯੁੱਧ ਸ਼ੁਰੂ ਕਰਾਂਗੇ ਤਾਂ ਸਾਡੇ ਸਾਹਮਣੇ ਦੋ ਤਰ੍ਹਾਂ ਦੀਆਂ ਪ੍ਰਸਥਿਤੀਆਂ ਆਉਣਗੀਆਂ। ਕਦੇ ਸਾਡੇ ਅੰਦਰ ਉਤਸਾਹ ਆਵੇਗਾ ਅਤੇ ਕਦੇ ਨਿਰਾਸ਼ਾ। ਜਦੋਂ ਅਸੀਂ ਦੁਸ਼ਮਣ ਨੂੰ ਮਾਰਾਂਗੇ ਤਾਂ ਸਾਡੇ ਅੰਦਰ ਉਤਸਾਹ ਆਵੇਗਾ ਜਦੋਂ ਨਹੀਂ ਮਾਰਾਂਗੇ ਤਾਂ ਨਿਰਾਸ਼ਾ ਆਵੇਗੀ। ਇਹ ਦੋਵੇਂ ਹੀ ਸਥਿਤੀਆਂ ਇੱਕ ਸਾਧਕ ਲਈ ਖਤਰਨਾਕ ਹਨ। ਇੱਕ ਵਿਕਾਰ ਨੂੰ ਮਾਰਨ ਤੋਂ ਬਾਅਦ ਉਤਸਾਹ ਹੋਵੇਗਾ ਕਿ ਮੈਂ ਇਸ ਨੂੰ ਮਾਰ ਦਿੱਤਾ। ਬਜਾਇ ਇਸਦੇ ਕਿ ਅਸੀਂ ਹੋਰ ਬੁਰਾਈਆਂ ਨੂੰ ਵੀ ਖਤਮ ਕਰੀਏ ਅਸੀਂ ਬੈਠ ਕੇ ਖੁਸ਼ੀ ਮਨਾਉਣ ਲੱਗ ਪੈਂਦੇ ਹਾਂ ਕਿ ਮੈਂ ਇਸ ਕਮੀ ਨੂੰ ਖਤਮ ਕਰ ਦਿੱਤਾ। ਇਸੇ ਚੱਕਰ ਵਿੱਚ ਅਸੀਂ ਨਵੇਂ ਔਗੁਣਾਂ ਨੂੰ ਨਜਰਅੰਦਾਜ ਕਰਨਾ ਸ਼ੁਰੂ ਕਰ ਦਿੰਦੇ ਹਾਂ। ਜਿਸਦੀ ਹਾਨੀ ਸਾਨੂੰ ਭੁਗਤਣੀ ਪੈਂਦੀ ਹੈ।

ਜਿਵੇਂ ਖਰਗੋਸ਼ ਅਤੇ ਕੱਛੂਕੁੰਮੇ ਦੀ ਦੌੜ ਸਮੇਂ ਜਦੋਂ ਖਰਗੋਸ਼ ਨੇ ਅੱਧਾ ਪੈਂਡਾ ਜਿੱਤ ਲਿਆ ਤਾਂ ਉਸਦੇ ਮਨ ਅੰਦਰ ਵਿਚਾਰ ਆ ਗਿਆ ਕਿ ਜਿੱਤਣਾ ਤਾਂ ਮੈਂ ਹੀ ਹੈ ਕਿਉਂ ਨਾ ਕੁਝ ਸਮਾਂ ਬੈਠ ਕੇ ਆਰਾਮ ਕਰ ਲਵਾਂ। ਅਤਿ ਉਤਸਾਹ ਦੇ ਕਾਰਨ ਬਾਕੀ ਰਹਿੰਦੇ ਪੈਂਡੇ ਨੂੰ ਤੈਅ ਕਰਨ ਲਈ ਉਹ ਢਿੱਲਾ ਪੈ ਗਿਆ। ਢਿੱਲਾ ਪੈਣ ਤੋਂ ਬਾਅਦ ਨੀਂਦ ਆਉਂਦੀ ਹੈ ਸੋ ਖਰਗੋਸ਼ ਨੂੰ ਵੀ ਆ ਗਈ। ਖਰਗੋਸ਼ ਦੇ ਜਿੱਤਣ ਦੇ ਅਤਿ ਉਤਸਾਹ ਨੇ ਉਸਦੀ ਜਿੱਤਣ ਦੀ ਸੰਭਾਵਨਾ ਨੂੰ ਹੀ ਖਤਮ ਕਰ ਦਿੱਤਾ। ਦੂਸਰਾ ਜੇਕਰ ਤੁਸੀਂ ਨਿਰਾਸ਼ ਹੋ ਗਏ ਤਾਂ ਨਿਰਾਸ਼ਾ ਆਪਣੇ-ਆਪ ਵਿੱਚ ਹੀ ਬਹੁਤ ਵੱਡੀ ਰੁਕਾਵਟ ਹੈ। ਇਸਦਾ ਸ਼ਿਕਾਰ ਹੋ ਕੇ ਸਾਧਕ ਦਾ ਵਿਕਾਰਾਂ ਅੱਗੇ ਹਾਰਨਾ ਨਿਸ਼ਚਿਤ ਹੈ।

ਯਾਦ ਰੱਖੋ! ਹਰੇਕ ਬੁਰਾਈ ਦਾ ਅੰਤ ਕੀਤਾ ਜਾ ਸਕਦਾ ਹੈ ਕਿਉਂਕਿ ਵਿਕਾਰਾਂ ਨਾਲ ਭਗਵਾਨ ਨਹੀਂ। ਪਰ ਆਪ ਦੇ ਨਾਲ ਆਪ ਦਾ ਗੁਰੂ ਹੈ ਜਿਸਦੀ ਇੱਛਾ ਹੀ ਆਪ ਨੂੰ ਸੁਧਾਰਨਾ ਅਤੇ ਚੰਗਾ ਇਨਸਾਨ ਬਣਾ ਕੇ ਪਰਮ ਤੱਤ ਵਿੱਚ ਲੀਨ ਕਰਨਾ ਹੈ।

ਇਸ ਯੁੱਧ ਅੰਦਰ ਸਾਧਕ ਨੂੰ ਕਦੇ ਵੀ ਆਪਣੀ ਕਿਸੇ ਪ੍ਰਾਪਤੀ ਤੋਂ ਸੰਤੁਸ਼ਟ ਨਹੀਂ ਹੋਣਾ ਚਾਹੀਦਾ। ਨਾਰਦ ਜੀ ਦੇ ਬਾਰੇ ਅਸੀਂ ਸਭ ਜਾਣਦੇ ਹਾਂ। ਕਿਹਾ ਜਾਂਦਾ ਹੈ ਕਿ ਨਾਰਦ ਜੀ ਨੇ ਸਮਾਧੀ ਦੁਆਰਾ ਲੋਭ, ਮੋਹ ਅਤੇ ਹੰਕਾਰ ਵਰਗੇ ਵਿਸ਼ਿਆਂ ਨੂੰ ਜਿੱਤ ਲਿਆ ਸੀ। ਉਹ ਸੰਤੁਸ਼ਟ ਹੋ ਗਏ ਕਿ ਹੁਣ ਇਹ ਸਭ ਮੈਨੂੰ ਕਦੇ ਵੀ ਹਰਾ ਨਹੀਂ ਸਕਦੇ। ਇਹ ਸੋਚ ਕੇ ਉਹਨਾਂ ਨੇ ਅਵੇਸਲਾਪਣ ਅਖਤਿਆਰ ਕਰ ਲਿਆ। ਪਰੰਤੂ ਜਦੋਂ ਮੌਕਾ ਆਇਆ ਤਾਂ ਉਹ ਇਹਨਾਂ ਸਭ ਦੇ ਸਾਹਮਣੇ ਹੀ ਹਾਰ ਗਏ। ਇਸਦਾ ਕਾਰਨ ਹੈ ਕਿ ਜੇਕਰ ਯੁੱਧ ਵਿੱਚ ਇੱਕ ਜਣਾ ਆਪ ਨੂੰ ਥੱਲੇ ਸੁੱਟੇਗਾ ਤਾਂ ਦੂਜੇ ਵੀ ਉਸਦੀ ਮਦਦ ਕਰਨਗੇ। ਕਬੱਡੀ ਵਿੱਚ ਆਪ ਨੇ ਦੇਖਿਆ ਹੋਵੇਗਾ ਕਿ ਜੇਕਰ ਇੱਕ ਖਿਡਾਰੀ ਡਿੱਗ ਪਵੇ ਤਾਂ ਬਾਕੀ

MAGZTER
MAGZTER
Clipped from - Akhand Gyan - Punjabi - June 2020
Read it digitally on the Magzter app

ਵੀ ਝਪੱਟਾ ਮਾਰ ਕੇ ਉਸਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰਦੇ ਹਨ। ਕੁੱਤੇ ਸ਼ਿਕਾਰੀ ਤੋਂ ਉਦੋਂ ਤੱਕ ਹੀ ਡਰਦੇ ਹਨ ਜਦੋਂ ਤੱਕ ਸ਼ਿਕਾਰੀ ਉਹਨਾਂ ਦੇ ਕਾਬੂ ਨਹੀਂ ਆਉਂਦਾ। ਜੇਕਰ ਇੱਕ ਕੁੱਤੇ ਨੇ ਵੀ ਸ਼ਿਕਾਰੀ ਦੀ ਲੱਤ ਪਕੜ ਲਈ ਤਾਂ ਬਾਕੀ ਦਸ ਵੀ ਹਿੰਮਤ ਕਰ ਲੈਣਗੇ ਅਤੇ ਸ਼ਿਕਾਰੀ ਨੂੰ ਲਹੂ-ਲੁਹਾਣ ਕਰ ਦੇਣਗੇ। ਇਸ ਪ੍ਰਕਾਰ ਜੇਕਰ ਇੱਕ ਵਿਕਾਰ ਵੀ ਆਪ 'ਤੇ ਭਾਰੀ ਪੈ ਗਿਆ ਤਾਂ ਬਾਕੀਆਂ ਤੋਂ ਬਚਣਾ ਅਸੰਭਵ ਹੈ।

ਯੁੱਧ ਵਿੱਚ ਆਰਾਮ ਲਈ ਕਿਤੇ ਕੋਈ ਸਥਾਨ ਨਹੀਂ। ਜੇਕਰ ਇੱਕ ਵਿਅਕਤੀ ਸੋਚੇ ਕਿ ਚਲੋ ਦੋ-ਚਾਰ ਦੁਸ਼ਮਣ ਮਾਰ ਕੇ ਥੋੜ੍ਹਾ ਜਿਹਾ ਆਰਾਮ ਕਰ ਲੈਂਦੇ ਹਾਂ ਤਾਂ ਦੁਸ਼ਮਣ ਉਸਨੂੰ ਅਵੇਸਲਾ ਦੇਖ ਕੇ ਉਸ ਉੱਪਰ ਹਮਲਾ ਕਰ ਦੇਵੇਗਾ। ਆਪ ਇੱਕ ਬੰਦੇ ਨੂੰ ਮਾਰੋਗੇ ਤਾਂ ਦੂਸਰਾ ਤੁਹਾਡੇ ਲਈ ਤਿਆਰ ਹੈ। ਜੇਕਰ ਆਰਾਮ ਕਰਨ ਲੱਗ ਗਏ ਤਾਂ ਮਾਰੇ ਜਾਵੋਗੇ। ਹਨੂੰਮਾਨ ਜੀ ਨੇ ਕਿਹਾ- **'राम काज किन्हें बिनु मोहि कहां विश्राम।'** ਜਦੋਂ ਤੱਕ ਆਪ ਆਪਣੇ ਲਕਸ਼ ਵਿੱਚ ਕਾਮਯਾਬ ਨਹੀਂ ਹੋ ਜਾਂਦੇ ਉਦੋਂ ਤੱਕ ਆਰਾਮ ਹਰਾਮ ਹੈ। ਜਿਵੇਂ ਇੱਕ ਵਿਅਕਤੀ ਜੇਕਰ ਗਣਿਤ ਦਾ ਅੱਧਾ ਸੁਆਲ ਹੱਲ ਕਰਕੇ ਇਹ ਸੋਚੇ ਕਿ ਇੰਨਾ ਹੀ ਬਹੁਤ ਹੈ ਮੈਂ ਹੋਰ ਨਹੀਂ ਕਰਨਾ ਤਾਂ ਕੀ ਉਸਨੂੰ ਅਧੂਰੇ ਹੱਲ ਦੇ ਨੰਬਰ ਮਿਲਣਗੇ? ਨਹੀਂ ਸਗੋਂ ਉਸਦਾ ਅੱਧਾ ਹੱਲ ਕੀਤਾ ਸੁਆਲ ਵੀ ਬੇਕਾਰ ਚਲਾ ਜਾਵੇਗਾ। ਯੁੱਧ ਵਿੱਚ ਜੇਕਰ ਕੋਈ ਸੋਚੇ ਕਿ ਇੰਨੇ ਦੁਸ਼ਮਣ ਮਾਰ ਦਿੱਤੇ ਹੁਣ ਹੋਰ ਨਹੀਂ ਮਾਰਨੇ। ਆਪ ਦੁਸ਼ਮਣ ਨੂੰ ਨਹੀਂ ਮਾਰੋਗੇ ਤਾਂ ਦੁਸ਼ਮਣ ਆਪ ਨੂੰ ਮਾਰ ਦੇਵੇਗਾ। ਆਪ ਜਾਣਦੇ ਹੋ ਕਿ ਇੱਕ ਵਿਅਕਤੀ ਯੁੱਧ ਖੇਤਰ ਵਿੱਚ ਜਿੰਨੇ ਜਿਆਦਾ ਲੋਕਾਂ ਨੂੰ ਮਾਰਦਾ ਹੈ ਵਿਰੋਧੀ ਪੱਖ ਉਸਦੇ ਖ਼ੂਨ ਦਾ ਉਨਾ ਹੀ ਜਿਆਦਾ ਪਿਆਸਾ ਹੋ ਜਾਂਦਾ ਹੈ। ਇਸੇ ਪ੍ਰਕਾਰ ਜੋ ਵਿਅਕਤੀ ਜਿੰਨੀ ਸ਼ਿੱਦਤ ਨਾਲ ਆਪਣੀਆਂ ਬੁਰਾਈਆਂ ਨਾਲ ਲੜਦਾ ਹੈ ਵਿਕਾਰ ਵੀ ਉਨੇ ਹੀ ਬਲ ਨਾਲ ਉਸ ਉੱਪਰ ਵਾਰ ਕਰਦੇ ਹਨ। ਅਕਸਰ ਹੀ ਅਸੀਂ ਸੁਣਦੇ ਹਾਂ ਕਿ ਇੰਨੀ ਸੇਵਾ-ਸਾਧਨਾ ਕਰਨ ਵਾਲਾ ਵਿਅਕਤੀ ਦੁਖੀ ਕਿਉਂ ਹੈ ਇਸਦਾ ਕਾਰਨ ਸਿਰਫ ਇਹੀ ਹੈ ਕਿ ਆਪ ਵੀ ਦੁਸ਼ਮਣਾਂ ਦੇ ਖੇਮੇ ਲਈ ਖਤਰਨਾਕ ਸਿੱਧ ਹੋ ਰਹੇ ਹੋ। ਇਸ ਲਈ ਉਹ ਸਾਰੇ ਇਕੱਠੇ ਹੋ ਕੇ ਆਪ ਨੂੰ ਪ੍ਰੇਸ਼ਾਨ ਕਰਦੇ ਹਨ। ਯੁੱਧ ਦੀ ਥਕਾਨ ਆਪ ਨੂੰ ਬੇਆਰਾਮ ਜਰੂਰ ਕਰੇਗੀ ਪਰ ਦੁਸ਼ਮਣ ਦੇ ਖੇਮੇ ਵਿੱਚ ਸਿਰਫ ਆਪ ਦੇ ਨਾਮ ਦੀ ਹੀ ਦਹਿਸ਼ਤ ਹੋਵੇਗੀ।

ਇੱਕ ਸਾਧਕ ਲਗਾਤਾਰ ਯੁੱਧ ਵੀ ਕਰ ਰਿਹਾ ਹੈ ਉਸਦੇ ਅੰਦਰ ਉਤਸਾਹ ਵੀ ਹੈ, ਸਹੀ ਹਥਿਆਰ ਵੀ ਹੈ, ਜਜ਼ਬਾ ਵੀ ਹੈ। ਫਿਰ ਵੀ ਕੁਝ ਚੀਜਾਂ ਅਜਿਹੀਆਂ ਹਨ ਜੋ ਉਸਨੂੰ ਪਿੱਛੇ ਧਕੇਲ ਸਕਦੀਆਂ ਹਨ ਜੇਕਰ ਅਸੀਂ ਆਪਣੇ ਕਮਾਂਡਰ ਭਾਵ ਗੁਰੂ ਦੇ ਕਹਿਣੇ ਤੋਂ ਬਾਹਰ ਚਲੇ ਜਾਈਏ। ਸਾਡੇ ਜੀਵਨ ਅੰਦਰ ਅਜਿਹਾ ਮੌਕਾ ਨਾ ਆਵੇ ਤਾਂ ਇਸਦੇ ਲਈ ਇਸ ਗੱਲ ਨੂੰ ਆਪਣੇ ਅੰਦਰ ਵਸਾਉਣਾ ਪਵੇਗਾ ਕਿ He is always right. ਦੂਸਰਾ ਜੇਕਰ ਆਪ ਦੇ ਮਨ ਅੰਦਰ ਕਦੇ ਇਹ ਵਿਚਾਰ ਆਵੇ ਕਿ He is wrong somewhere. ਉਸਨੇ ਕੁਝ ਗਲਤ ਕੀਤਾ ਤਾਂ ਤੁਰੰਤ ਪਹਿਲਾ ਨਿਯਮ ਲਗਾ ਦਿਓ। ਸਾਧਕ ਦਾ

MAGZTER
Clipped from - Akhand Gyan - Punjabi - June 2020
Read it digitally on the Magzter app

ਕਮਾਂਡਰ, ਉਸਦਾ ਗੁਰੂ ਸਮੇਂ-ਸਮੇਂ 'ਤੇ ਉਸ ਨੂੰ ਵਿਕਾਰਾਂ ਰੂਪੀ ਦੁਸ਼ਮਣਾਂ ਨੂੰ ਖਤਮ ਕਰਨ ਲਈ ਹੀ ਆਗਿਆ ਪ੍ਰਦਾਨ ਕਰਦਾ ਹੈ। ਇਸ ਲਈ ਇੱਕ ਸਾਧਕ ਨੂੰ ਭੁੱਲ ਕੇ ਵੀ ਕਦੇ ਉਸਦੀ ਆਗਿਆ ਤੋਂ ਬਾਹਰ ਨਹੀਂ ਜਾਣਾ ਚਾਹੀਦਾ ਕਿਉਂਕਿ ਜਦੋਂ ਇੱਕ ਸਾਧਕ ਅਜਿਹਾ ਕਰਦਾ ਹੈ ਤਾਂ ਉਸਦਾ ਆਪਣਾ ਹੀ ਨੁਕਸਾਨ ਹੁੰਦਾ ਹੈ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਦੁਨੀ ਚੰਦ ਨੂੰ ਮਸਤ ਹਾਥੀ ਨਾਲ ਲੜਨ ਲਈ ਕਿਹਾ ਤਾਂ ਉਹ ਡਰਦਾ ਮਾਰਿਆ ਕਿਲ੍ਹੇ ਦੀ ਕੰਧ ਟੱਪ ਕੇ ਭੱਜਣ ਲੱਗਾ ਅਤੇ ਉਸਦੀ ਲੱਤ ਟੁੱਟ ਗਈ। ਉਸਦੇ ਮਨ ਅੰਦਰ ਵੀ ਇਹ ਵਿਚਾਰ ਆ ਗਿਆ ਸੀ ਕਿ ਗੁਰੂ ਸਾਹਿਬ ਗਲਤ ਕਰ ਰਹੇ ਹਨ। ਉਸ ਨੂੰ ਮਸਤ ਹਾਥੀ ਨਾਲ ਲੜਾ ਰਹੇ ਹਨ ਭਲਾ ਇੱਕ ਮਸਤ, ਸ਼ਰਾਬੀ ਹਾਥੀ ਅਤੇ ਬੰਦੇ ਦਾ ਕੀ ਮੁਕਾਬਲਾ? ਆਪਣੀ ਇਸੇ ਸੋਚ ਤਹਿਤ ਉਸਨੇ ਇਸ ਗੱਲ ਨੂੰ ਵਿਸਾਰ ਦਿੱਤਾ ਕਿ ਗੁਰੂ ਕਦੇ ਗਲਤ ਨਹੀਂ ਕਰਦਾ ਜਿਸਦਾ ਖਾਮਿਆਜਾ ਉਸਨੂੰ ਭੁਗਤਣਾ ਪਿਆ।

ਇਸੇ ਤਰ੍ਹਾਂ ਜਦੋਂ ਕੁਰੂਕਸ਼ੇਤਰ ਦੇ ਯੁੱਧ ਦੇ ਮੈਦਾਨ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਨੇ ਯੁਧਿਸ਼ਠਰ ਨੂੰ ਕਿਹਾ ਕਿ ਅੱਜ ਤੂੰ ਇਹ ਘੋਸ਼ਣਾ ਕਰਨੀ ਹੈ ਕਿ ਅਸ਼ਵਤਥਾਮਾ ਮਾਰਿਆ ਗਿਆ। ਯੁਧਿਸ਼ਠਰ ਕਹਿਣ ਲੱਗਾ ਕਿ ਪ੍ਰਭੂ! ਮੈਂ ਝੂਠ ਕਿਵੇਂ ਬੋਲਾਂ ਮੈਂ ਤਾਂ ਆਪਣੇ ਜੀਵਨ ਅੰਦਰ ਅੱਜ ਤੱਕ ਕਦੇ ਝੂਠ ਬੋਲਿਆ ਹੀ ਨਹੀਂ। ਭਗਵਾਨ ਯੁਧਿਸ਼ਠਰ ਨੂੰ ਕਹਿਣ ਲੱਗੇ ਕਿ ਮੈਂ ਤੈਨੂੰ ਕਹਿ ਰਿਹਾ ਹਾਂ ਇਸ ਲਈ ਤੂੰ ਨਿਸ਼ਚਿੰਤ ਹੋ ਕੇ ਬਸ ਬੋਲ ਦੇ। ਸ੍ਰੀ ਕ੍ਰਿਸ਼ਨ ਦੇ ਕਹਿਣ ਦੇ ਬਾਵਜੂਦ ਵੀ ਯੁਧਿਸ਼ਠਰ ਬਹੁਤ ਹੀ ਸੋਚ-ਵਿਚਾਰ ਕੇ ਝੂਠ ਬੋਲਦਾ ਹੈ ਕਿ ਅਸ਼ਵਤਥਾਮਾ ਮਾਰਿਆ ਗਿਆ ਪਤਾ ਨਹੀਂ ਹਾਥੀ ਹੈ ਕਿ ਬੰਦਾ। ਉਸਨੇ ਝੂਠ ਤਾਂ ਜਰੂਰ ਬੋਲਿਆ ਪਰ ਜਿਵੇਂ ਉਸਨੂੰ ਭਗਵਾਨ ਨੇ ਕਿਹਾ ਉਵੇਂ ਨਹੀਂ ਬੋਲਿਆ। ਇਸ ਤੋਂ ਬਾਅਦ ਉਸਦਾ ਰੱਥ ਜੋ ਭੂਮੀ ਤੋਂ ਦੋ ਹੱਥ ਉੱਪਰ ਚੱਲਦਾ ਸੀ ਉਹ ਜਮੀਨ 'ਤੇ ਚੱਲਣ ਲੱਗਾ। ਇਹ ਦੇਖ ਕੇ ਉਸਨੇ ਭਗਵਾਨ ਸ੍ਰੀ ਕ੍ਰਿਸ਼ਨ ਨੂੰ ਉਲਾਂਭਾ ਦਿੱਤਾ ਕਿ ਮੈਂ ਜੀਵਨ ਵਿੱਚ ਕਦੇ ਝੂਠ ਨਹੀਂ ਬੋਲਿਆ ਪਰ ਅੱਜ ਮੈਂ ਆਪ ਦੇ ਕਹਿਣ 'ਤੇ ਝੂਠ ਬੋਲਿਆ ਜਿਸਦੇ ਸਦਕਾ ਮੇਰਾ ਰੱਥ ਥੱਲੇ ਬੈਠ ਗਿਆ ਹੈ। ਭਗਵਾਨ ਸ੍ਰੀ ਕ੍ਰਿਸ਼ਨ ਉਸਦੀ ਗੱਲ ਸੁਣ ਕੇ ਮੁਸਕੁਰਾ ਪਏ ਅਤੇ ਕਹਿਣ ਲੱਗੇ ਕਿ ਯੁਧਿਸ਼ਠਰ ਤੂੰ ਝੂਠ ਤਾਂ ਬੋਲਿਆ ਹੈ ਪਰ ਜਿਵੇਂ ਮੈਂ ਕਿਹਾ ਉਵੇਂ ਨਹੀਂ ਬੋਲਿਆ। ਇਸ ਲਈ ਤੇਰਾ ਰੱਥ ਬੈਠ ਗਿਆ ਹੈ ਨਾ ਕਿ ਇਸ ਲਈ ਕਿ ਤੂੰ ਮੇਰੇ ਕਹਿਣ 'ਤੇ ਝੂਠ ਬੋਲਿਆ ਹੈ। ਜੇਕਰ ਤੂੰ ਮੇਰੇ ਕਹੇ ਅਨੁਸਾਰ ਝੂਠ ਬੋਲਦਾ ਤਾਂ ਉਹ ਤੈਨੂੰ ਸੱਚ ਦੀ ਪ੍ਰਾਪਤੀ ਕਰਵਾ ਦਿੰਦਾ। ਸੋਚੋ! ਜੇਕਰ ਪ੍ਰਭੂ ਦੀ ਅਧੂਰੀ ਗੱਲ ਮੰਨਣ ਕਰਕੇ ਯੁਧਿਸ਼ਠਰ ਦਾ ਇਹ ਹਸ਼ਰ ਹੋਇਆ ਤਾਂ ਅਸੀਂ ਤਾਂ ਕਈ ਵਾਰ ਆਪਣੇ ਗੁਰੂ ਦੀ ਪੂਰੀ ਆਗਿਆ ਹੀ ਠੁਕਰਾ ਦਿੰਦੇ ਹਾਂ। ਸਾਡਾ ਹਸ਼ਰ ਕੀ ਹੋਵੇਗਾ? ਇਸਦਾ ਨਕਸ਼ਾ ਅਸੀਂ ਭਲੀਭਾਂਤੀ ਹੀ ਉਲੀਕ ਸਕਦੇ ਹਾਂ।

ਜਿਵੇਂ ਆਪ ਨੂੰ ਪਹਿਲਾਂ ਦੱਸਿਆ ਕਿ ਸਾਧਕ ਦੋ ਪੱਧਰੀ ਯੁੱਧ ਲੜਦਾ ਹੈ। ਪਹਿਲਾ ਆਪਣੀਆਂ ਬੁਰਾਈਆਂ ਦੇ ਖਿਲਾਫ ਅਤੇ ਦੂਸਰਾ ਸਮਾਜ ਅੰਦਰ ਫੈਲੀ ਅਗਿਆਨਤਾ ਦੇ ਵਿਰੁੱਧ। ਆਪਣੇ ਵਿਸ਼ੇ-ਵਿਕਾਰਾਂ ਅਤੇ ਔਗੁਣਾਂ ਨੂੰ ਨਸ਼ਟ ਕਰਨ ਦਾ ਯੁੱਧ ਸ੍ਵੈ-ਪੱਧਰੀ ਹੈ ਪਰ ਅਗਿਆਨਤਾ ਨੂੰ ਨਸ਼ਟ ਕਰਨ ਦਾ ਯੁੱਧ ਇਕੱਠੇ ਹੋ ਕੇ ਭਾਵ ਟੀਮ ਵਿੱਚ ਲੜਿਆ ਜਾਂਦਾ ਹੈ। ਇਸ ਲਈ ਗੁਰੂ ਮਹਾਰਾਜ ਜੀ ਸਾਨੂੰ ਸਭ ਨੂੰ ਮਿਲਜੁਲ ਕੇ ਰਹਿਣ ਅਤੇ ਜਨ-ਜਨ ਤੱਕ ਪ੍ਰਚਾਰ-ਪ੍ਰਸਾਰ ਕਰਨ ਲਈ ਕਹਿੰਦੇ ਹਨ। ਜੇਕਰ ਸਾਡੇ ਅੰਦਰ ਵਿਚਾਰਾਂ ਦਾ ਮੱਤਭੇਦ ਹੋ ਗਿਆ ਤਾਂ ਅਸੀਂ ਕਦੇ ਵੀ ਗੁਰੂ ਮਹਾਰਾਜ ਜੀ ਦੇ ਸੁਪਨੇ ਨੂੰ ਸਾਕਾਰ ਨਹੀਂ ਕਰ ਸਕਾਂਗੇ। ਪਾਂਡਵਾਂ ਦੀ ਇਕਸੁਰਤਾ ਹੀ ਸੀ ਜਿਸਨੇ ਉਹਨਾਂ ਨੂੰ ਮਹਾਂਭਾਰਤ ਦਾ ਧਰਮ ਯੁੱਧ ਜਿਤਾ ਦਿੱਤਾ। ਮਿਲਜੁਲ ਕੇ ਰਹਿਣ ਦਾ ਸੂਤਰ ਹੈ ਕਿ ਜੋ ਹਥਿਆਰ ਦੁਸ਼ਮਣ ਨੂੰ ਮਾਰਨ ਲਈ ਹਨ ਉਸਨੂੰ ਕਦੇ ਆਪਸ ਵਿੱਚ ਨਹੀਂ ਚਲਾਉਣਾ ਚਾਹੀਦਾ। ਆਪਣੀ ਸ਼ਕਤੀ ਦਾ ਪ੍ਰਯੋਗ ਹਮੇਸ਼ਾ ਅਗਿਆਨਤਾ ਅਤੇ ਬੁਰਾਈਆਂ ਦੇ ਨਾਸ਼ ਲਈ ਹੀ ਕਰਨਾ ਚਾਹੀਦਾ ਹੈ। ਜੇਕਰ ਖੁਦ 'ਤੇ ਸ਼ਕਤੀ ਪ੍ਰਯੋਗ ਕਰ ਲਈ ਤਾਂ ਖੁਦ ਵੀ ਮਰੋਗੇ ਅਤੇ ਦੁਸ਼ਮਣ ਵੀ ਹਮਲਾ ਕਰੇਗਾ।

ਸੋ ਇੱਕ ਸੱਚਾ ਯੋਧਾ ਕਦੇ ਘਬਰਾਉਂਦਾ ਨਹੀਂ ਅਤੇ ਨਾ ਹੀ ਮਾਰਗ ਤੋਂ ਵਿਚਲਿਤ ਹੁੰਦਾ ਹੈ। ਜੋ ਵਿਚਲਿਤ ਹੋ ਜਾਵੇ ਉਹ ਕਾਇਰ ਹੁੰਦਾ ਹੈ। ਚਾਹੇ ਆਪ ਨੂੰ ਅਸੰਭਵ ਲੱਗੇ ਕਿ ਆਪ ਬੁਰਾਈਆਂ, ਅਗਿਆਨਤਾ ਅਤੇ ਵਿਕਾਰਾਂ ਨੂੰ ਖਤਮ ਨਹੀਂ ਕਰ ਸਕਦੇ। ਯਾਦ ਰੱਖੋ! ਹਰੇਕ ਬੁਰਾਈ ਦਾ ਅੰਤ ਕੀਤਾ ਜਾ ਸਕਦਾ ਹੈ ਕਿਉਂਕਿ ਵਿਕਾਰਾਂ ਨਾਲ ਭਗਵਾਨ ਨਹੀਂ। ਪਰ ਆਪ ਦੇ ਨਾਲ ਆਪ ਦਾ ਗੁਰੂ ਹੈ ਜਿਸਦੀ ਇੱਛਾ ਹੀ ਆਪ ਨੂੰ ਸੁਧਾਰਨਾ ਅਤੇ ਚੰਗਾ ਇਨਸਾਨ ਬਣਾ ਕੇ ਪਰਮ ਤੱਤ ਵਿੱਚ ਲੀਨ ਕਰਨਾ ਹੈ। ਇਸ ਪ੍ਰਕਾਰ ਇੱਕ ਲੰਬੇ ਯੁੱਧ ਦੇ ਬਾਅਦ ਆਖਿਰ ਵਿੱਚ ਸ਼ੰਖਨਾਦ ਹੁੰਦਾ ਹੈ ਭਾਵ ਆਪ ਹੀ ਜਿੱਤੇ ਹੋਏ ਯੋਧਾ ਕਹਾਉਂਦੇ ਹੋ।

MAGZTER
Clipped from - Akhand Gyan - Punjabi - June 2020
Read it digitally on the Magzter app

ਸੰਸਥਾਨ ਦੀਆਂ ਕੁਝ ਸ਼ਾਖਾਵਾਂ

'ਅਖੰਡ ਗਿਆਨ' ਮਾਸਿਕ ਪੱਤ੍ਰਿਕਾ, ਸੰਸਥਾਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਅਤੇ ਹੋਰ ਪ੍ਰਚਾਰ ਸਮੱਗਰੀ ਇਹਨਾਂ ਸ਼ਾਖਾਵਾਂ ਤੋਂ ਪ੍ਰਾਪਤ ਕਰ ਸਕਦੇ ਹੋ।

ਮੁੱਖ ਭਵਨ:
- ਪਲਾਟ ਨੰਬਰ 3, ਪੌਕੇਟ- ਓ.ਸੀ.ਐਫ, ਮਹਾਂਰਿਸ਼ੀ ਪਰਸ਼ੂਰਾਮ ਮਾਰਗ, ਪੁਸ਼ਪਾਂਜਲੀ ਐਨਕਲੇਵ ਦੇ ਪਿੱਛੇ, ਪੀਤਮਪੁਰਾ ਐਕਸ., ਪਰਵਾਨਾ ਰੋਡ, ਦਿੱਲੀ-34, ਫੋਨ: 91-11-27020666/27024555, ਵੈੱਬਸਾਈਟ: www.djjs.org ਈਮੇਲ: ho@djjs.org

ਦਿੱਲੀ:
- ਦਿਵਯ ਧਾਮ ਆਸ਼ਰਮ, ਕੁਤਬਗੜ੍ਹ ਰੋਡ, ਦਿੱਲੀ-81, ਫੋਨ: 99109 76003, 99103 90373
- ਸੀ 74-ਏ, ਨੇ ਕਾਲਕਾ ਜੀ ਬਾਣਾ, ਕਾਲਕਾ ਜੀ, ਨਹਿਰੂ ਪਲੇਸ, ਨਵੀਂ ਦਿੱਲੀ-19 ਫੋਨ: +91 11-26295656
- ਜੀ. ਜੀ. 3/21, ਐਮ. ਆਈ, ਜੀ. ਫਲੈਟ, ਵਿਕਾਸ ਪੁਰੀ, ਨਵੀਂ ਦਿੱਲੀ-18, ਫੋਨ: 99103 95833
- ਪਲਾਟ ਨੰਬਰ 45, ਵਿਸ਼ਵਾਸ ਨਗਰ ਐਕਸ., ਨਜਦੀਕ ਕੜਕੜਡੂਮਾ ਕੋਰਟ, ਯਮੁਨਾ ਪਾਰ, ਦਿੱਲੀ-93, ਫੋਨ: 011 22308400
- ਜੇ-119, ਗਰਾਊਂਡ ਫਲੋਰ, ਵੈਸਟ ਪਲੇਟ ਨਗਰ, ਨਵੀਂ ਦਿੱਲੀ-08, ਫੋਨ: 011 25889944
- ਈ-121/122, ਸੈਕਟਰ-1, ਮਹਾਂਲਕਸ਼ਮੀ ਅਪਾਰਟਮੈਂਟ ਦੇ ਸਾਹਮਣੇ, ਦਵਾਰਕਾ, ਦਿੱਲੀ-45, ਫੋਨ: 99104 89749
- ਈ-1/11/33, ਐਮ. ਆਈ. ਜੀ. ਫਲੈਟ, ਸੈਕਟਰ-15, ਰੋਹਿਣੀ, ਦਿੱਲੀ-85, ਫੋਨ: 011 27298222

ਪੰਜਾਬ:
- ਨੂਰਮਹਿਲ: ਨਕੋਦਰ ਰੋਡ, ਜਿਲ੍ਹਾ ਜਲੰਧਰ। ਫੋਨ:75269 75269, ਈਮੇਲ: ro.nrm@djjs.org
- ਪਟਿਆਲਾ: ਪ੍ਰੇਮ ਕਲੋਨੀ, ਸਰਕਾਰੀ ਕੁਆਟਰਾਂ ਦਾ ਸਾਹਮਣੇ, ਡਕਾਲਾ ਰੋਡ। ਫੋਨ: 99157 61851
- ਲੁਧਿਆਣਾ: ਨਿਊ ਕੈਲਾਸ਼ ਨਗਰ, ਕੈਲਾਸ਼ ਨਗਰ ਚੌਂਕ, ਨਜਦੀਕ ਸਰਦਾਰ ਪੈਟਰੋਲ ਪੰਪ, ਜੀ.ਟੀ. ਰੋਡ। ਫੋਨ: 98159 30190
- ਅੰਮ੍ਰਿਤਸਰ: ਮਕਾਨ ਨੰ: 4914, ਗਲੀ ਨੰ: 4, ਮੋਹਨ ਨਗਰ, ਸੁਲਤਾਨਵਿੰਡ ਰੋਡ। ਫੋਨ: 99157 61834
- ਤਰਨਤਾਰਨ: ਦੁਸ਼ਹਿਰਾ ਗਰਾਊਂਡ ਦੇ ਸਾਹਮਣੇ, ਮੁਰਾਦਪੁਰਾ ਰੋਡ। ਫੋਨ: 99157 61854
- ਫਾਜਿਲਕਾ: ਦਿਵਯ ਜਯੋਤੀ ਨਗਰ, ਨੇੜੇ ਟੀ. ਵੀ. ਟਾਵਰ, ਅਬੋਹਰ ਰੋਡ। ਫੋਨ: 99157 61853
- ਡੱਬਵਾਲੀ ਮਲਕੋ ਕੀ: ਪਿੰਡ ਡੱਬਵਾਲੀ ਮਲਕੋ ਕੀ, ਤਹਿਸੀਲ-ਮਲੋਟ, ਜਿਲ੍ਹਾ ਮੁਕਤਸਰ। ਫੋਨ: 99157 61845
- ਹਰਪੁਰਾ: ਪਿੰਡ ਹਰਪੁਰਾ, ਡਾਕਖਾਨਾ ਧੰਧੋਈ ਸਕੂਲ, ਤਹਿਸੀਲ-ਬਟਾਲਾ, ਜਿਲ੍ਹਾ ਗੁਰਦਾਸਪੁਰ। ਫੋਨ: 98159 60409
- ਜਲੰਧਰ: ਮਕਾਨ ਨੰ. 398, ਮਾਸਟਰ ਮੋਤਾ ਸਿੰਘ ਨਗਰ। ਫੋਨ: 99157 61840
- ਬਠਿੰਡਾ: ਗਲੀ ਨੰ. 17, ਅਜੀਤ ਰੋਡ, ਨੇੜੇ ਘੋੜੇ ਵਾਲਾ ਚੌਂਕ ਫੋਨ: 99157 61858
- ਬਟਾਲਾ: ਆਨੰਦ ਵਿਹਾਰ ਕਲੋਨੀ, ਭੰਡਾਰੀ ਗੇਟ ਦੇ ਸਾਹਮਣੇ, ਡੀਲਕਸ ਸਪੋਰਟਸ ਕੰਪਨੀ ਦੇ ਪਿੱਛੇ। ਫੋਨ: 99157 61837
- ਚੰਡੀਗੜ੍ਹ: ਮਕਾਨ ਨੰ. 3507, ਸੈਕਟਰ 38-ਡੀ। ਫੋਨ: 98159 30188
- ਢਿੱਲਵਾਂ: ਸਿਵਲ ਹਸਪਤਾਲ ਦੇ ਸਾਹਮਣੇ। ਫੋਨ: 99157 61838
- ਫਿਰੋਜਪੁਰ: ਮਕਾਨ ਨੰਬਰ. 428/1, ਭਾਰਤ ਨਗਰ, ਖਾਈ ਰੋਡ। ਫੋਨ: 99157 61846
- ਹੁਸ਼ਿਆਰਪੁਰ: ਮਕਾਨ ਨੰਬਰ. 33, ਗਲੀ ਨੰ. 1, ਗੌਤਮ ਨਗਰ, ਊਨਾ ਰੋਡ। ਫੋਨ: 99157 61842
- ਕਪੂਰਥਲਾ: ਸੌਂਧੀ ਐਨਕਲੇਵ, ਡਿਪਸ ਕਲੋਨੀ, ਸੁਲਤਾਨਪੁਰ ਰੋਡ, ਸ਼ੇਖੂਪੁਰਾ। ਫੋਨ: 99157 61839
- ਮੋਗਾ: ਦੋਸਾਂਝ ਰੋਡ। ਫੋਨ: 99157 61844
- ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ): ਵਿਸ਼ਵਕਰਮਾ ਮੰਦਿਰ ਦੇ ਪਿੱਛੇ, ਰਾਹੋਂ ਰੋਡ। ਫੋਨ: 99157 61843
- ਫਗਵਾੜਾ: ਹਜਾਰੀ ਲਾਲ ਵਾਲੀ ਗਲੀ, ਬੀ/ਐਸ ਪੋਸਟ ਆਫਿਸ, ਨਿਊ ਮਾਡਲ ਟਾਊਨ। ਫੋਨ: 99157 61866
- ਸ਼ਹਿਜਾਦਾ: ਪਿੰਡ ਸ਼ਹਿਜਾਦਾ, ਤਹਿਸੀਲ- ਡੇਰਾ ਬਾਬਾ ਨਾਨਕ, ਜਿਲ੍ਹਾ ਗੁਰਦਾਸਪੁਰ। ਫੋਨ: 99157 61836
- ਸੁਨਾਮ: ਪਿੰਡ ਬਿਸ਼ਨਪੁਰਾ, ਪਟਿਆਲਾ ਰੋਡ। ਫੋਨ: 99157 61847
- ਅਬੋਹਰ: ਗੰਗਾਨਗਰ ਰੋਡ, ਮਹਿੰਦਰਾ ਕੋਲਡ ਸਟੋਰ ਦੇ ਸਾਹਮਣੇ। ਫੋਨ: 99157 61859
- ਗੰਗਸਰ ਜੈਤੋ: ਮੁਕਤਸਰ ਰੋਡ। ਫੋਨ: 98724 68303
- ਕੋਟਕਪੂਰਾ: ਗਲੀ ਨੰ. 5, ਅਮਨ ਨਗਰ, ਮੋਗਾ ਰੋਡ। ਫੋਨ: 99157 61857
- ਮੁਕਤਸਰ: ਮਕਾਨ ਨੰਬਰ. 597, ਗਲੀ ਨੰ. 3, ਵਿਸ਼ਾਲ ਨਗਰ, ਬਸ ਸਟੈਂਡ ਦੇ ਸਾਹਮਣੇ। ਫੋਨ: 99157 61856
- ਮਲੋਟ: ਪੁਰਾਣੀ ਸਬਜੀ ਮੰਡੀ, ਨੇੜੇ ਐਡਵਰਡਗੰਜ ਗੈਸਟ ਹਾਊਸ। ਫੋਨ: 99157 61860
- ਪਠਾਨਕੋਟ: ਏ.ਬੀ. ਕਾਲਜ ਰੋਡ, ਹੀਰੋ ਏਜੰਸੀ ਦੇ ਸਾਹਮਣੇ, ਸਿੰਬਲ ਚੌਂਕ, ਪਠਾਨਕੋਟ। ਫੋਨ: 99157 01580

------ BRANCHES ABROAD ------

USA: 5880 Waterwash Way, Sacramento, California 95823 | Tel: 916 422 6268 17845 Oma Drive, Granada Hills, California 91344 | Tel: 818 282 0563 4925 Miniwawa Way, Fresno, Californa 93725 | Tel: 559 268 0719, 559 304 6481 613 Oregon St. Fairfield CA 94533 | Tel: 707 399 7670 5 Dellwood Rd, Edison New Jersey 08820 | Tel: 732 485 0647 83-05 Homelawn Street, Jamaica Estates, NY 11432 | Tel: 718 298 5545, 516 807 6695 4 D Terrace Drive Chatham, New Jersey 07928 Tel: 732 485 0647 2026 Grand Ave, Baldwin NY 11510 | Tel: 718 463 3710 1841 Sounth 252 Street Des Moines WA 98198 Tel: 206 356 2359 **U.K.:** Divya Bhawan, 96D West End Lane, Hayes, Middlesex UB3 5LX | Tel: 208 754 9306 **CANADA:** 24 Taber Rd. Toronto ONT M9W 3A5 | Tel: 416 746 7100, 416 312 7211 1441 Barton St. East, Hamilton, ONT L8H 2W7 | Tel: 905 545 9178 **GUYANA:** 7 Madewini Soesdyke, East Bank Demerara | Tel: 592 261 5409, 592 220 9085 **AUSTRALIA:** Divya Jyoti Jagrati Sansthan Inc. Divine Light Awakening Mission, 5 Evadene Drive Tarneit (Melbourne) Vic 3029 | Tel: 03 9974 3619 **BAHRAIN:** Shop No. 289, Road No. 1113, Salmaniya Manama | Tel: 00973 9605362 **GERMANY:** Divya Jyoti Feldschmiedekamp 28, 25524 Itzehoe | Tel: 405 562 1254, 179 139 6849 **GREECE:** Eleopatre Alexion, Stampla, Messinea 93, Post Box No. 64, Koropi 19400, Athens | Tel: 694 413 4445, 693 947 8292 **ITALY:** Strada Recorlandi 42, Motteggiana 46020, (MN) | Tel: 3887536947, 3276632116 **NEPAL:** H. No. 675/86, Sangam Chowk, Machapokhari, Backside Buddha Mall (New Buspark), Balaju, Kathmandu | Tel: 98135 11506 **SWITZERLAND:** Bruggacker St. 26 8052 Glattgburgg | Tel: 18365707 **PHILLIPPINES:** 2511-BB, Galves Compund Aurora, St. Passay, Manila | Tel: 0063 927 408 5507 **U.A.E.:** Bhawana Restaurant, Meena Bazar Dubai | Tel: 507 378 104 **LEBANON:** Post Box No. 80852 Boury Hammud, Dora Tel: 452 0849 (For further enquiry visit: www.djjs.org)

MAGZTER

MAGZTER

Clipped from - Akhand Gyan - Punjabi - June 2020
Read it digitally on the Magzter app

FOR REGULAR EVENT UPDATES, BLOGS, AUDIOS, VIDEOS, 24X7 RADIO, CENTER ADDRESSES



DOWNLOAD FREE

DJJS APP

ANDROID APP ON Google play

Download on the App Store

SOCIAL MEDIA:

www.djjs.org

djjsworld

Postal Regn. No.: PB/JL-018/2019-21
RNI No.: Punbil/2006/18283.
Posted on 28th of every month from
MBC Jalandhar RMS (Pb.) 144 001
No. of Pages : 52, D.O.P.: 15/05/2020

MAGZTER

Clipped from - Akhand Gyan - Punjabi - June 2020

Read it digitally on the Magzter app